Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਅਪ੍ਰੈਲ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸਮੂਹ ਪੰਜਾਬੀਆਂ ਨੂੰ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ !








ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮਹਿ ਹਉ ਕਰਉ ਨਿਵਾਸ।...
ਖਾਲਸਾ ਮੇਰੋ ਪਿੰਡ ਪ੍ਰਾਨ।
ਖਾਲਸਾ ਮੇਰੀ ਜਾਨ ਕੀ ਜਾਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਖ਼ਾਲਸਾ ਸਾਜਨਾ ਦਿਵਸ



ਸਿੱਖ ਧਰਮ ਦੇ ਪਹਿਲੇ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਅਰੰਭ ਹੋ ਗਈ ਸੀ। 10 ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨ੍ਹਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

ਸਾਹਿਬੇ ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਉਦੇਸ਼ ਦੀ ਪੂਰਤੀ ਲਈ ਸੰਨ 1699 ਈ. ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਨੀਂਹ ਰੱਖੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਮਨੁੱਖਤਾ ਨੂੰ ਖ਼ਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖ਼ਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਅਤੇ ਬਰਾਬਰ ਅਧਿਕਾਰ ਦਿਵਾਉਣਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ ਪੰਜ ਪਿਆਰੇ ਸਾਜੇ ਅਤੇ ਪੰਜ ਪਿਆਰਿਆਂ ਕੋਲੋਂ ਆਪ ਬੇਨਤੀ ਕਰਕੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਗੁਰੂ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ।

ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀਂ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ।

ਖ਼ਾਲਸਾ ਧਰਮ ਦੀ ਨੀਂਹ ਰੱਖਣ ਦਾ ਮੁਖ ਮੰਤਵ ਅਜਿਹੇ ਬਹਾਦਰ ਸਿੱਖ ਯੋਧੇ ਪੈਦਾ ਕਰਨੇ ਸਨ ਜਿਨ੍ਹਾਂ ਦੇ ਮਨ ਅੰਦਰ ਸਦਾ ਕਰਤਾਰ ਦੀ ਯਾਦ ਰਹੇ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖਾਤਮਾ ਕਰਨ ਲਈ ਤੇਗ ਅਤੇ ਇਕ ਪ੍ਰਮਾਤਮਾ ਦੀ ਓਟ ਹੋਵੇ। ਇਸ ਨਾਲ ਉਨ੍ਹਾਂ ਨੇ ਸਦੀਆਂ ਤੋਂ ਚਲਦੇ ਆ ਰਹੇ ਜਬਰ ਜ਼ੁਲਮ ਖਿਲਾਫ ਸਮੇਂ ਦੇ ਹੁਕਮਰਾਨਾਂ ਨਾਲ ਟੱਕਰ ਲਈ ਅਤੇ ਮਜਲੂਮ ਦੇ ਹੱਕ ਦੀ ਰੱਖਿਆ ਕੀਤੀ। ਇਸ ਰਾਹੀਂ ਦਸਮ ਪਿਤਾ ਜੀ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ ਖਾਲਸਾ ਪੰਥ ਦੀ ਸਿਰਜਨਾ ਕਰਕੇ ਇਕ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਸੀ।

ਗੁਰੂ ਗੋਬਿੰਦ ਸਿੰਘ ਜੀ ਉੱਚ ਕੋਟੀ ਦੇ ਕਵੀ, ਧਰਮ ਸੁਧਾਰਕ, ਪਾਰਦਰਸ਼ਕ ਫੌਜੀ ਜਰਨੈਲ, ਦੂਰ ਦ੍ਰਿਸ਼ਟੀ ਵਾਲੇ ਸੂਝਵਾਨ, ਉੱਚੇ ਹੌਂਸਲੇ ਅਤੇ ਪੱਕੇ ਇਰਾਦੇ ਵਾਲੇ, ਸਭ ਔਂਕੜਾਂ ਸਮੇਂ ਹਮੇਸ਼ਾ ਪ੍ਰਮਾਤਮਾ ਦੀ ਰਜਾ ਵਿਚ ਅਤੇ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਪਰਬਤ ਵਾਂਗ ਅਹਿਲ ਤੇ ਅਚਲ ਦੇ ਧਾਰਨੀ ਸਨ। ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਕੋਲ ਘੱਟ ਜੰਗੀ ਸਮਾਨ, ਘੱਟ ਜੁਝਾਰੂ ਅਤੇ ਘੱਟ ਆਮਦਨ ਹੋਣ ਕਰਕੇ ਵੀ ਕਦੀ ਆਪਣੇ ਕਦਮ ਪਿੱਛੇ ਨਹੀਂ ਕੀਤੇ। ਜਿੰਨੀਆਂ ਵੀ ਲੜਾਈਆਂ ਉਨ੍ਹਾਂ ਤੇ ਥੋਪੀਆਂ ਗਈਆਂ ਉਨ੍ਹਾਂ ਸਾਰੀਆਂ ਵਿਚ ਖ਼ਾਲਸੇ ਦੀ ਕਿਰਪਾ ਨਾਲ ਆਪ ਮੋਹਰੀ ਹੋ ਕੇ ਜਿੱਤਾਂ ਪ੍ਰਾਪਤ ਕੀਤੀਆਂ। ਕਦੇ ਕਿਸੇ ਰਾਜ ਤੇ ਜਿੱਤ ਉਪਰੰਤ ਨਾ ਹੀ ਰਾਜ ਕੀਤਾ ਤੇ ਨਾ ਹੀ ਗੁਲਾਮ ਬਣਾਇਆ।

ਅਜੋਕੇ ਸਮੇਂ ਵਿਚ ਸਮਾਜਿਕ, ਧਾਰਮਿਕ ਅਤੇ ਰਾਜਸੀ ਵਿਵਸਥਾ ਵਿਚ ਆਈ ਖੜੋਤ ਕਾਰਨ ਅਸੀਂ ਬਹੁਤ ਕਮਜ਼ੋਰ ਹੋ ਗਏ ਹਾਂ। ਜੋ ਸਿੱਖ ਕੌਮ ਨੇ ਤਰੱਕੀ ਕਰਨੀ ਸੀ ਉਹ ਨਹੀਂ ਹੋ ਸਕੀ। ਚੰਗੇ ਕਿਰਦਾਰਾਂ ਅਤੇ ਸ਼ਕਤੀਆਂ ਨਾਲ ਸਮਾਜਿਕ ਬੁਰਾਈਆਂ, ਨਸ਼ਿਆਂ ਵਰਗੀਆਂ ਲਾਹਨਤਾਂ ਜੋ ਕੌਮ ਨੂੰ ਖਾ ਰਹੀਆਂ ਹਨ ਖਤਮ ਹੋ ਸਕਦੀਆਂ ਹਨ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ। ਗੁਰੂ ਸਾਹਿਬ ਦੀ ਕ੍ਰਿਪਾ ਨਾਲ ਜੇਕਰ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਸਿੱਖੀ ਸਰੂਪ ਨਾਲ ਜੋੜ ਸਕੀਏ ਤਾਂ ਇਹੀ ਸਾਡੀ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥**

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ




**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥**
**ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥**

ਮਾਘ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 12-04-2025 (ਸ਼ਨੀਵਾਰ)**
**ਸੰਗਰਾਂਦ - 13-04-2025 (ਐਤਵਾਰ)**
**ਮੱਸਿਆ - 27-04-2025 (ਐਤਵਾਰ)**

## ਤਤਕਰਾ


| ਜਿਲਦ ਨੰ. 41 | ਅੰਕ - 142 | ਅਪ੍ਰੈਲ - 2025 |
|---|---|---|



| | | |
|---|---|---|
| 1. | ਖਾਲਸਾ ਪੰਥ ਦੀ ਸਥਾਪਨਾ | 4 |
| 2. | ਖ਼ਾਲਸੇ ਦੀ ਸਿਰਜਣਾ | 7 |
| 3. | ਸਭੇ ਸਾਝੀਵਾਲ ਸਦਾਇਨ॥....... | 9 |
| 4. | ਵਪਾਰਕ ਹਥੌੜੇ ਦੀ ਮਾਰ, ਚੂਰ-ਚੂਰ ਹੋ ਰਹੇ ਲੋਕ ਸੁਪਨੇ | 11 |
| 5. | ਮਾਰਚ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 14 |
| 6. | ਭਗਤ ਧੰਨਾ ਜੀ | 18 |
| 7. | ਕੀ ਭਾਰਤ ਰਾਵੀ ਦਰਿਆ ਦਾ ਰੁੱਖ ਮੋੜ ਸਕੇਗਾ? | 19 |
| 8. | ਜੀਵਨ ਵਿਕਾਸ - ਇਕ ਸੰਘਰਸ਼ | 21 |
| 9. | ਕੋਇਲਾਂ ਕੂਕਦੀਆਂ, ਪ੍ਰਦੇਸੀਆ ਘਰ ਆ | 23 |
| 10. | ਪੰਜਾਬੀ ਸੱਭਿਆਚਾਰ - ਇਤਿਹਾਸਕ ਪਿਛੋਕੜ | 25 |
| 11. | ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ | 26 |
| 12. | ਗੁਰ ਸਾਗਰ ਦੇ ਸੁੱਚੇ ਮੋਤੀ | 28 |
| 13. | ਨਾਟਕ ਹੀ ਨਾਟਕ | 29 |
| 14. | ਸਿਹਤ ਸੰਭਾਲ | 30 |
| 15. | ਕਾਵਿ-ਕਿਆਰੀ | 32 |
| 16. | Debit Card | 34 |
| 17. | Matrimonial | 35 |
| 18. | ਦਾਨੀ ਸੱਜਣਾਂ ਦੀ ਸੂਚੀ | 36 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

ਵਿਸਾਖੀ 'ਤੇ ਵਿਸ਼ੇਸ਼

# ਖ਼ਾਲਸਾ ਪੰਥ ਦੀ ਸਥਾਪਨਾ




ਖਾਲਸੇ ਦੀ ਸਾਜਨਾ ਦੀ ਪ੍ਰਕਿਰਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਹੀ ਅਰੰਭ ਹੋ ਗਈ ਸੀ। ਲਗਾਤਾਰ ਸੈਂਕੜੇ ਸਾਲ ੧੦ ਗੁਰੂ ਸਾਹਿਬਾਨ ਦੀ ਸਰਪ੍ਰਸਤੀ ਵਿਚ ਇਸ ਦਾ ਵਿਕਾਸ ਹੁੰਦਾ ਰਿਹਾ। ਦਸ ਗੁਰੂ ਸਾਹਿਬਾਨ ਵਿਚ ਇੱਕੋ ਹੀ ਗੁਰੂ ਜੋਤ ਵਰਤਦੀ ਸੀ। ਉਨਾਂ ਦੀ ਬਾਣੀ ਦਾ ਭਾਵ, ਉਦੇਸ਼ ਤੇ ਵਿਚਾਰਧਾਰਾ ਇੱਕ ਹੀ ਸੀ।

**ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ॥**
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥**

(ਪੰਨਾ ੯੬੬)

ਖਾਲਸਾ ਪੰਥ ਦੀ ਸਾਜਨਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ (੧੬੯੯ ਈ:) ਵਿਚ ਵੈਸਾਖੀ ਵਾਲੇ ਦਿਨ ਕੀਤੀ। ਵੈਸਾਖੀ ਦਾ ਤਿਉਹਾਰ ਭਾਰਤ ਦਾ ਇਕ ਸਮਾਜਿਕ ਤਿਉਹਾਰ ਹੈ ਜੋ ਪੁਰਾਤਨ ਸਮੇਂ ਤੋਂ ਸਾਰੇ ਭਾਰਤ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਵੇਲੇ ਤਕ ਹਾੜ੍ਹੀ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੁੰਦੀ ਹੈ। ਇਸ ਦਿਨ ਸਾਰੇ ਲੋਕ ਬਿਨਾਂ ਕਿਸੇ ਭੇਦ ਭਾਵ ਦੇ ਨਵੀਆਂ ਆਸਾਂ ਤੇ ਉਮੀਦਾਂ ਲੈ ਕੇ ਮੇਲਿਆਂ ਵਿਚ ਖੁਸ਼ੀ ਨਾਲ ਸ਼ਰੀਕ ਹੁੰਦੇ ਹਨ। ਮਨੁੱਖਤਾ ਨੂੰ ਖਾਲਸੇ ਦੀ ਵਡਮੁੱਲੀ ਦਾਤ ਦੇਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਿਨ ਨੂੰ ਚੁਣਿਆ ਕਿਉਂਕਿ ਖਾਲਸੇ ਦਾ ਸੰਕਲਪ ਮਨੁੱਖਤਾ ਨੂੰ ਦੁੱਖਾਂ ਤੋਂ ਨਜਾਤ ਦਿਵਾਉਣ ਲਈ ਅਤੇ ਉਸ ਦੇ ਸਰਬ ਪੱਖੀ ਵਿਕਾਸ ਲਈ ਇਕ ਅਗੰਮੀ ਵਰਦਾਨ ਸੀ। ਇਕ ਨਵੇਂ ਸਜਰੇ ਜੀਵਨ ਦੀ ਸ਼ੁਰੂਆਤ ਸੀ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸੰਪਾਦਕ**
**98141-28181**




ਇਸ ਅਨਮੋਲ ਗੁਰਮਤਿ ਵਿਚਾਰਧਾਰਾ ਦੀ ਸਿਖਰ ਸੀ— ਖਾਲਸੇ ਦੀ ਸਾਜਨਾ। ਖਾਲਸਾ ਇੱਕ ਆਦਰਸ਼ ਪੁਰਖ ਹੈ। ਇਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ, ਬ੍ਰਹਮ ਗਿਆਨੀ ਕਿਹਾ ਗਿਆ ਹੈ। ਖਾਲਸਾ ਇਕ ਸਰਵ ਪੱਖੀ, ਸਰਬ ਪ੍ਰਕਾਰ ਦੇ ਸਦ ਗੁਣਾਂ ਨਾਲ ਭਰਪੂਰ, ਆਤਮ ਵਿਸ਼ਵਾਸ, ਸਵੈ ਨਿਰਭਰ ਤੇ ਸੰਪੂਰਨ ਮਨੁੱਖ ਹੈ। ਖਾਲਸਾ ਸੰਤ ਵੀ ਹੈ ਸਿਪਾਹੀ ਵੀ, ਖਾਲਸਾ ਗੁਰੂ ਵੀ ਹੈ ਤੇ ਸਿੱਖ ਵੀ, ਖਾਲਸਾ ਗ੍ਰਿਹਸਤੀ ਵੀ ਹੈ ਤੇ ਯੋਗੀ ਵੀ, ਖਾਲਸਾ ਭਗਤ ਵੀ ਹੈ, ਸੂਰਬੀਰ ਵੀ ਹੈ ਤੇ ਦਾਤਾਰ ਵੀ ਹੈ। ਖਾਲਸਾ ਦ੍ਰਿੜ੍ਹ ਵੀ ਹੈ ਤੇ ਨਿਮਰ ਵੀ ਹੈ। ਖਾਲਸਾ ਨਿਰਭੈ ਵੀ ਹੈ ਤੇ ਨਿਰਵੈਰ ਵੀ ਹੈ। ਖਾਲਸਾ ਹਰ ਪ੍ਰਕਾਰ ਦੇ ਗਿਆਨ ਦਾ, ਸ਼ਕਤੀਆਂ ਦਾ ਭੰਡਾਰ ਹੈ ਇਸ ਲਈ ਨਿਰੰਜਨ ਰੂਪ ਹੈ। ਇਹ ਇਕ ਅਜਿਹੀ ਸ਼ਖ਼ਸੀਅਤ ਹੈ ਜਿਸ ਬਾਰੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਫੁਰਮਾਇਆ ਹੈ:

**ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ ॥**
**ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥**

(ਪੰਨਾ ੪੬੯)

ਖਾਲਸਾ ਸਿੱਧਾ ਪਰਮਾਤਮਾ ਨਾਲ ਸੰਬੰਧਿਤ ਹੈ। ਹਰਿ ਤੋਂ ਬਿਨਾਂ ਉਹ ਕਿਸੇ ਦੇ ਅਧੀਨ ਨਹੀਂ ਕਿਸੇ ਦਾ ਮੁਹਤਾਜ ਨਹੀਂ। ਉਹ ਸ਼ਬਦ ਦੀ ਨਿਰੰਜਨੀ ਜੋਤ ਦਾ ਪੂਜਕ ਹੈ। ਖਾਲਸਾ ਅਕਾਲ ਪੁਰਖ ਦੇ ਹੁਕਮ ਵਿਚ ਹੈ ਇਸ ਲਈ ਇਸ ਨੂੰ ਧੁਰੋਂ ਸਰਦਾਰੀ ਪ੍ਰਾਪਤ ਹੈ। ਇਸ ਬਾਰੇ ਗੁਰਬਾਣੀ ਵਿਚ ਫੁਰਮਾਨ ਹੈ:

**ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥**
**ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥**

(ਪੰਨਾ ੧੪੨)


ਖਾਲਸਾ ਕਿਸੇ ਪ੍ਰਕਾਰ ਦੇ ਕਰਮ ਕਾਂਡ ਵਹਿਮ ਭਰਮ ਨੂੰ ਨਹੀਂ ਮੰਨਦਾ। ਜਿਸ ਦੇ ਹਿਰਦੇ ਅੰਦਰ ਪਰਮਾਤਮਾ ਦਾ ਪ੍ਰਤੱਖ ਗਿਆਨ ਜਗਮਗਾਉਂਦਾ ਹੈ ਅਤੇ ਜਿਸ ਦੇ ਮਨ ਵਿੱਚੋਂ ਅਗਿਆਨਤਾ ਦਾ ਭਰਮ ਮਿਟ ਜਾਂਦਾ ਹੈ, ਉਹ ਹੀ ਅਸਲ ਵਿਚ ਖਾਲਸਾ ਹੈ। ਗੁਰੂ ਜੀ ਨੇ ਖਾਲਸੇ ਦਾ ਸਿਰਫ ਆਦਰਸ਼ ਹੀ ਨਹੀਂ ਪੇਸ਼ ਕੀਤਾ ਸਗੋਂ ਅਮਲੀ ਰੂਪ ਵਿਚ ਖਾਲਸਾ ਬਣ ਕੇ ਵੀ ਮਿਸਾਲ ਪੇਸ਼ ਕੀਤੀ ਹੈ।

**ਖਾਲਸ ਖਾਸ ਕਹਾਵੈ ਸੋਈ, ਜਾ ਕੈ ਹਿਰਦੈ ਭਰਮ ਨ ਹੋਈ।**

**ਭਰਮ ਭੇਖ ਤੇ ਰਹੈ ਨਿਆਰਾ,**

**ਸੋ ਖਾਲਸ ਸਤਿਗੁਰੂ ਹਮਾਰਾ।**

(**ਸ੍ਰੀ ਗੁਰ ਸੋਭਾ**)



ਵੈਸਾਖੀ ਦੇ ਦਿਹਾੜੇ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਇਸੇ ਪਵਿੱਤਰ ਅਸਥਾਨ ਤੇ ਅੱਜ ਤਖਤ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਤਰ੍ਹਾਂ ਸਿੱਖੀ ਧਾਰਨ ਲਈ ਸਿਰ ਦੇਣ ਦੀ ਸ਼ਰਤ ਰੱਖੀ ਸੀ, ਉਸੇ "ਸਿਰੁ ਧਰਿ ਤਲੀ ਗਲੀ ਮੇਰੀ ਆਉ" ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਜੀ ਨੇ ਭਰੇ ਦੀਵਾਨ ਵਿਚ ਸਿੱਖਾਂ ਕੋਲੋਂ ਸੀਸ ਦੀ ਮੰਗ ਕੀਤੀ। ਗੁਰੂ ਜੀ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਦੀਵਾਨ ਵਿੱਚੋਂ ਪੰਜ ਸਿੰਘ ਆਪਣਾ ਸੀਸ ਗੁਰੂ ਚਰਨਾਂ ਵਿਚ ਭੇਟ ਕਰਨ ਲਈ ਉੱਠੇ। ਇਹ ਸਿੱਖ ਸਨ, ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਚੰਦ, ਭਾਈ ਮੁਹਕਮ ਚੰਦ ਤੇ ਭਾਈ ਸਾਹਿਬ ਚੰਦ। ਗੁਰੂ ਜੀ ਨੇ ਇਨ੍ਹਾਂ ਪੰਜਾਂ ਨੂੰ ਨਵੇਂ ਬਸਤਰ ਤੇ ਸ਼ਸਤਰ ਪਹਿਨਾਏ। ਖੰਡੇ ਬਾਟੇ ਦੀ ਪਾਹੁਲ ਹੱਥੀਂ ਤਿਆਰ ਕਰ ਕੇ ਉਨ੍ਹਾਂ ਨੂੰ ਛਕਾਈ ਅਤੇ ਆਪਣੇ ਪਿਆਰਿਆਂ ਦੀ ਪਦਵੀ ਦਿੱਤੀ। ਇਨ੍ਹਾਂ ਸਭਨਾਂ ਦੇ ਨਾਵਾਂ ਨਾਲ ਸਿੰਘ ਪਦ ਲਾਇਆ ਗਿਆ। ਇਨ੍ਹਾਂ ਦੇ ਨਵੇਂ ਨਾਂ ਰੱਖੇ ਗਏ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੁਹਕਮ ਸਿੰਘ ਅਤੇ ਭਾਈ ਸਾਹਿਬ ਸਿੰਘ। ਇਨ੍ਹਾਂ ਦਾ ਪੁਰਾਣਾ ਕੁਲ ਵਰਣ ਨਾਸ ਕਰ ਕੇ ਖਾਲਸੇ ਦਾ ਰੂਪ ਬਖ਼ਸ਼ਿਆ। ਫਿਰ ਇਨ੍ਹਾਂ ਤੋਂ ਆਪ ਖੰਡੇ ਦੀ ਪਾਹੁਲ ਛਕ ਕੇ ਗੁਰੂ ਚੇਲੇ ਦਾ ਫਰਕ ਮਿਟਾ ਦਿਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਗੁਰੂ ਦੀ ਇਕ ਸੰਸਥਾ ਦਾ ਰੂਪ ਦੇ ਦਿੱਤਾ ਤਾਂ ਜੋ ਗੁਰਮਤਿ ਦਾ ਪ੍ਰਚਾਰ ਨਿਰੰਤਰ, ਸਰਵਕਾਲ ਤੇ ਸਰਵ ਵਿਆਪਕ ਕੀਤਾ ਜਾ ਸਕੇ। ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਪੰਜ ਰਹਿਤਵਾਨ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਹਿ ਕੇ ਅੰਮ੍ਰਿਤ ਸੰਚਾਰ ਕਰਨ ਦਾ ਅਧਿਕਾਰ ਦੇ ਦਿੱਤਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਵਿਚ ਪੰਚਾਂ ਭਾਵ ਗੁਰਮੁਖਾਂ ਨੂੰ ਸ੍ਰੇਸ਼ਟ ਤੇ ਆਦਰਯੋਗ ਆਖਿਆ ਗਿਆ ਹੈ। ਗੁਰਬਾਣੀ ਵਿਚ ਸਿੱਖ ਤੇ ਗੁਰੂ ਨੂੰ ਇਕ ਹੀ ਸਮਝਿਆ ਗਿਆ ਹੈ ਕਿਉਂਕਿ ਦੋਵਾਂ ਦਾ ਆਧਾਰ ਇੱਕੋ ਗੁਰਮਤਿ ਸਿਧਾਂਤ ਹੁੰਦਾ ਹੈ:

**ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥**

(ਪੰਨਾ ੪੪੪)

**ਪੰਚ ਪਰਵਾਣ ਪੰਚ ਪਰਧਾਨੁ॥ ਪੰਚੇ ਪਾਵਹਿ ਦਰਗਹਿ ਮਾਨੁ॥**

**ਪੰਚੇ ਸੋਹਹਿ ਦਰਿ ਰਾਜਾਨੁ॥ ਪੰਚਾ ਕਾ ਗੁਰੁ ਏਕੁ ਧਿਆਨੁ॥**

(ਪੰਨਾ ੩)

ਇਹ ਪੰਚ ਜਾਂ ਬ੍ਰਹਮ ਗਿਆਨੀ ਸਿੱਖ ਖਾਲਸੇ ਦੀ ਰਹਿਣੀ ਬਹਿਣੀ ਵਿਚ ਪੂਰਨ ਹੋਣੇ ਚਾਹੀਦੇ ਹਨ। ਇਨ੍ਹਾਂ ਦੀ ਰਹਿਤ ਮਰਯਾਦਾ ਨਿਸ਼ਚਿਤ ਹੈ ਜੋ ਕਿਸੇ ਵੀ ਸੂਰਤ ਵਿਚ ਭੰਗ ਨਹੀਂ ਹੋਣੀ ਚਾਹੀਦੀ। ਖਾਲਸਾ 'ਸਾਬਤ ਸੂਰਤ ਦਸਤਾਰ ਸਿਰਾ' ਦੇ ਆਦਰਸ਼ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਪੰਜ ਕਕਾਰ-ਕਛਹਿਰਾ, ਕੇਸ, ਕਿਰਪਾਨ, ਕੰਘਾ ਤੇ ਕੜਾ ਦਾ ਧਾਰਨ ਕਰਨਾ ਜ਼ਰੂਰੀ ਹੈ ਅਤੇ ਚਾਰ ਕੁਰਹਿਤਾਂ ਇਸ ਲਈ ਮਨ੍ਹਾਂ ਹਨ-ਤਮਾਕੂ, ਕੁੱਠਾ, ਪਰ ਇਸਤਰੀ ਦਾ ਗਮਨ ਤੇ ਰੋਮਾਂ ਦੀ ਬੇਅਦਬੀ। ਇਸ ਤੋਂ ਇਲਾਵਾ ਖਾਲਸੇ ਲਈ ਬਾਣੀ ਤੇ ਬਾਣਾ ਦੋਵੇਂ ਇੱਕੋ ਜਿਹੇ ਜ਼ਰੂਰੀ ਹਨ। ਇਸ ਨੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ ਤੇ ਗੁਰੂ ਦੇ ਸ਼ਬਦ ਨੂੰ ਹਿਰਦੇ ਵਿਚ ਵਸਾ ਕੇ ਨਾਮ ਦੇ ਅੰਮ੍ਰਿਤ ਵਿਚ ਆਪਣੇ ਮਨ ਨੂੰ ਰੰਗਣਾ ਹੈ। ਖਾਲਸੇ ਨੂੰ ਸ਼ਸਤਰ ਬਸਤਰ ਸਜਾ ਕੇ ਰੱਖਣੇ ਚਾਹੀਦੇ ਹਨ। ਖਾਲਸੇ ਦਾ ਉਦੇਸ਼ ਸਿਰਫ ਆਪਣੇ ਲਈ ਜਿਉਂਣਾ ਨਹੀਂ ਹੈ। ਇਹ ਇਕ ਮਹਾਨ ਪਰਉਪਕਾਰੀ ਯੋਧਾ ਵੀ ਹੈ। ਇਸ ਨੇ ਧਰਤੀ 'ਤੇ ਮਜ਼ਲੂਮਾਂ ਦੀ ਸਹਾਇਤਾ ਕਰਨੀ ਹੈ। ਜ਼ਾਲਮਾਂ ਦਾ ਵਿਰੋਧ ਕਰਨਾ ਹੈ। ਇਸ ਨੇ ਆਪਣਾ ਤਨ-ਮਨ-ਧਨ ਗੁਰੂ ਨੂੰ ਸੌਂਪ ਦਿੱਤਾ ਹੁੰਦਾ ਹੈ। ਖਾਲਸੇ ਲਈ ਇਹ ਸ਼ਰਤ ਰੱਖ ਦਿੱਤੀ ਸੀ:

**ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿੱਤ ਮੈ ਜੁੱਧੁ ਬਿਚਾਰੈ।**

**ਦੇਹ ਅਨਿੱਤ ਨ ਨਿੱਤ ਰਹੈ ਜਸੁ ਨਾਵ ਚੜ੍ਹੈ ਭਵਸਾਗਰ ਤਾਰੈ।**

**ਧੀਰਜ ਧਾਮ ਬਨਾਇ ਇਹੈ ਤਨ ਬੁੱਧਿ ਸੁ ਦੀਪਕ ਜਿਉਂ ਉਜੀਆਰੈ॥**

**ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ॥**

ਇਹ ਹੈ ਖਾਲਸੇ ਦਾ ਅੰਦਰਲਾ ਰੂਪ ਕਿ ਗਿਆਨ ਰਾਹੀਂ ਮਨ ਦੀ ਕਾਇਰਤਾ ਨੂੰ ਹੂੰਝ ਕੇ ਬਾਹਰ ਕੱਢ ਦੇਵੇ। ਖਾਲਸੇ ਨੇ ਅਜਿਹਾ ਹੀ ਕੀਤਾ। ਚੱਪੜ ਚਿੜੀ ਦੇ ਮੈਦਾਨ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖ ਯੋਧਿਆਂ ਨੇ ਹਾਥੀ ਘੋੜਿਆਂ ਦੀ ਸੈਨਾ ਨੂੰ ਮਿੱਟੀ ਵਿਚ ਰੋਲ ਦਿੱਤਾ ਅਤੇ ੧੨ ਮਈ ੧੭੧੦ ਈ: ਨੂੰ ਸਰਹਿੰਦ ਦੀ ਧਰਤੀ 'ਤੇ ਸਿੱਖ ਰਾਜ ਦਾ ਖਾਲਸਾਈ ਪਰਚਮ ਲਹਿਰਾ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਅਤੇ ਅਕਾਲੀ ਫੂਲਾ ਸਿੰਘ ਵਰਗੇ ਯੋਧੇ ਖਾਲਸਾ ਪੰਥ ਵਿਚ ਪੈਦਾ ਹੋਏ ਜਿਨ੍ਹਾਂ ਨੇ ਬਦੇਸ਼ੀ ਜਰਵਾਣਿਆਂ ਨੂੰ ਬਾਹਰ ਧਕੇਲ ਦਿੱਤਾ। ਸਰਦਾਰ ਹਰੀ ਸਿੰਘ ਨਲੂਆ ਵਰਗੇ ਜਰਨੈਲ ਹੋਏ ਜਿਨ੍ਹਾਂ ਤੋਂ ਖ਼ੂੰਖਾਰ



ਪਠਾਣ ਵੀ ਭੈਅ ਖਾਂਦੇ ਸਨ। ਉਸ ਇਲਾਕੇ ਦੀਆਂ ਇਸਤਰੀਆਂ ਅਜੇ ਵੀ ਆਪਣੇ ਬੱਚਿਆਂ ਨੂੰ 'ਹਰੀਆ ਰਾਗਲੇ' ਕਹਿ ਕੇ ਰੋਣ ਤੋਂ ਚੁੱਪ ਕਰਾਉਂਦੀਆਂ ਹਨ। ਉਨ੍ਹਾਂ ਅੰਦਰ ਇਹ ਗੁਰਮਤਿ ਦੀ ਹੀ ਤਾਕਤ ਸੀ। ਖਾਲਸੇ ਨੇ ਅਨੇਕਾਂ ਬੇਮਿਸਾਲ ਜੰਗਾਂ ਲੜੀਆਂ ਪਰ ਉਨ੍ਹਾਂ ਨੂੰ ਸਿੱਖ ਇਤਿਹਾਸ ਦਾ ਅੰਗ ਹੋਣ ਕਰਕੇ ਦੂਜੀਆਂ ਕੌਮਾਂ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ। ਇਸ ਦੇ ਮੁਕਾਬਲੇ ਤੇ ਅੰਗਰੇਜ਼ ਰਾਜ ਸਮੇਂ ਸਾਰਾਗੜ੍ਹੀ ਦੇ ਸਾਕੇ ਨੂੰ ਅੰਗਰੇਜ਼ ਅਫ਼ਸਰਾਂ ਨੇ ਅੱਖੀਂ ਵੇਖਿਆ ਅਤੇ ਵਾਇਰਲੈੱਸ ਤੇ ਕੰਨੀਂ ਸੁਣਿਆ ਸੀ। ਬਰਤਾਨੀਆਂ ਦੀ ਸਰਕਾਰ ਨੇ ਖਾਲਸੇ ਦੀ ਇਸ ਬੀਰਤਾ, ਕੁਰਬਾਨੀ ਤੇ ਨਿਰਭੈਤਾ ਦੀ ਆਪਣੀ ਪਾਰਲੀਮੈਂਟ ਵਿਚ ਸ਼ਲਾਘਾ ਕੀਤੀ।

ਖਾਲਸੇ ਦੀ ਉਪਮਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਬਹੁਤ ਕੁਝ ਕਿਹਾ ਹੈ। ਖਾਲਸੇ ਨੂੰ ਆਪਣਾ ਰੂਪ, ਆਪਣਾ ਇਸ਼ਟ, ਆਪਣਾ ਪਿੰਡ ਪਰਾਨ ਤੇ ਸਤਿਗੁਰੂ ਪੂਰਾ ਆਖ ਕੇ ਖਾਲਸੇ ਦੀ ਉਪਮਾ ਵਰਣਨ ਤੋਂ ਬਾਹਰ ਦੱਸੀ ਹੈ। ਅਖੀਰ ਵਿਚ ਇਹ ਵੀ ਕਿਹਾ ਹੈ ਕਿ ਇਸ ਦੇ ਵਿਚ ਕੋਈ ਅਤਿਕਥਨੀ ਨਹੀਂ ਹੈ ਕਿ ਮੈਂ ਇਹ ਪਾਰਬ੍ਰਹਮ ਤੇ ਸ੍ਰੀ ਗੁਰੂ ਨਾਨਕ ਸਾਹਿਬ ਨੂੰ ਸਾਖੀ ਰੱਖ ਕੇ ਕਹਿ ਰਿਹਾ ਹਾਂ:

**ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੌ ਕਰੌ ਨਿਵਾਸ।**
**ਖਾਲਸਾ ਮੇਰੋ ਇਸ਼ਟ ਸੁਹਿਰਦ। ਖਾਲਸਾ ਮੇਰੋ ਕਹੀਅਤਿ ਬਿਰਦ।**
**ਖਾਲਸਾ ਮੇਰੋ ਪਿੰਡ ਪਰਾਨ। ਖਾਲਸਾ ਮੇਰੀ ਜਾਨ ਕੀ ਜਾਨ।**
**ਖਾਲਸਾ ਮੇਰੋ ਸਤਿਗੁਰ ਪੂਰਾ। ਖਾਲਸਾ ਮੇਰੋ ਸਜਨ ਸੂਰਾ।**
**ਸੇਸ ਰਸਨ ਸਾਰਦ ਸੀ ਬੁਧ। ਤਦਪ ਨ ਉਪਮਾ ਬਰਨਤ ਸੁਧ।**
**ਯਾ ਮੈ ਰੰਚ ਨ ਮਿਥਿਆ ਭਾਖੀ। ਪਾਰਬ੍ਰਹਮ ਗੁਰ ਨਾਨਕ ਸਾਖੀ।**
**(ਸਰਬ ਲੋਹ ਗ੍ਰੰਥ)**

ਵੱਖਰੀ ਪਛਾਣ ਕਿਸੇ ਵੀ ਧਰਮ ਦੀ ਹੋਂਦ ਲਈ ਬਹੁਤ ਜ਼ਰੂਰੀ ਪੱਖ ਹੁੰਦਾ ਹੈ। ਖਾਲਸੇ ਦੇ ਮਹਾਨ ਉਦੇਸ਼ ਨੂੰ ਮੁੱਖ ਰੱਖ ਕੇ ਇਸ ਨੂੰ ਸਾਰੇ ਜਗਤ ਤੋਂ ਨਿਰਾਲਾ ਰੂਪ ਦਿੱਤਾ ਗਿਆ ਹੈ। ਖਾਲਸੇ ਦਾ ਸਰੂਪ, ਸਿਧਾਂਤ, ਕਾਰਜ, ਨਿਸ਼ਾਨਾ ਵਿਲੱਖਣ, ਵਿਸ਼ੇਸ਼ ਅਤੇ ਨਿਆਰਾ ਹੈ। ਇਸ ਦੇ ਨਿਆਰੇ ਰਹਿਣ ਵਿਚ ਹੀ ਪਰਮਾਤਮਾ ਦੀਆਂ ਸਭ ਬਰਕਤਾਂ ਤੇ ਸ਼ਕਤੀਆਂ ਹਨ। ਨਿਰਾਲੇ ਰੂਪ ਕਾਰਨ ਖਾਲਸੇ ਨੂੰ ਕੁਝ ਮੁਸ਼ਕਿਲਾਂ ਤੇ ਚੁਣੌਤੀਆਂ ਵੀ ਪੇਸ਼ ਆ ਰਹੀਆਂ ਹਨ। ਇਨ੍ਹਾਂ ਦਾ ਟਾਕਰਾ ਦ੍ਰਿੜ੍ਹਤਾ ਨਾਲ ਕਰਨ ਦੀ ਲੋੜ ਹੈ। ਤਾਂ ਜੋ ਖਾਲਸੇ ਦੇ ਨਿਰਾਲੇ ਰੂਪ ਨੂੰ ਕਾਇਮ ਰੱਖਿਆ ਜਾ ਸਕੇ।

**ਖਾਲਸਾ ਅਕਾਲ ਪੁਰਖ ਕੀ ਫੌਜ।**
**ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।**
**ਜਬ ਲਗ ਖਾਲਸਾ ਰਹੇ ਨਿਆਰਾ।**
**ਤਬ ਲਗ ਤੇਜ ਦੀਉ ਮੈਂ ਸਾਰਾ। (ਸਰਬ ਲੋਹ)**

ਚੜ੍ਹਦੀ ਕਲਾ ਦਾ ਗੁਣ ਖਾਲਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ। ਇਤਿਹਾਸ ਗਵਾਹ ਹੈ ਕਿ ਬਹੁਤ ਸੰਕਟ ਦੇ ਸਮੇਂ ਵੀ ਸਿੱਖਾਂ ਨੇ ਕਦੀ ਹੌਂਸਲਾ ਨਹੀਂ ਛੱਡਿਆ। ਚਮਕੌਰ ਦੀ ਗੜ੍ਹੀ, ਖਿਦਰਾਣੇ ਦੀ ਢਾਬ ਤੇ ਬਹੁਤ ਅਸਾਵੀਂਆਂ ਲੜਾਈਆਂ ਵਿਚ ਘੱਟ ਗਿਣਤੀ ਵਿਚ ਹੁੰਦਿਆਂ ਵੀ ਬੀਰਤਾ ਨਾਲ ਕਈ ਗੁਣਾਂ ਵੱਧ ਦੁਸ਼ਮਣ ਦਾ ਮੁਕਾਬਲਾ ਕੀਤਾ। ਛੋਟੇ ਘੱਲੂਘਾਰੇ ਅਤੇ ਵੱਡੇ ਘੱਲੂਘਾਰੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਇਸ ਦੇ ਬਾਵਜੂਦ ਉਨ੍ਹਾਂ ਦੇ ਸੰਘਰਸ਼ ਵਿਚ ਕੋਈ ਢਿੱਲ ਨਹੀਂ ਆਈ। ਉਨ੍ਹਾਂ ਨੇ ਅੱਗੇ ਤੋਂ ਵੀ ਵੱਧ ਸ਼ਕਤੀ ਨਾਲ ਦੁਸ਼ਮਣ ਦਾ ਮੁਕਾਬਲਾ ਕੀਤਾ ਤੇ ਫਤਿਹ ਹਾਸਿਲ ਕੀਤੀ। ਇਸ ਤਰ੍ਹਾਂ ਅਤੀ ਔਖੇ ਹਾਲਾਤ ਵਿਚ ਵੀ ਚੜ੍ਹਦੀ ਕਲਾ ਵਿਚ ਰਹਿੰਦਿਆਂ ਸਾਹਮਣਾ ਕਰਨ ਦੀ ਦਾਤ ਸਿਰਫ ਤੇ ਸਿਰਫ ਖਾਲਸੇ ਨੂੰ ਹੀ ਪ੍ਰਾਪਤ ਹੈ। ਖਾਲਸਾ ਆਚਾਰ, ਵਿਹਾਰ, ਸਦਾਚਾਰ, ਸੀਲ-ਸੰਜਮ, ਤਿਆਗ, ਕੁਰਬਾਨੀ, ਭਗਤੀ, ਸ਼ਕਤੀ, ਚੜ੍ਹਦੀ ਕਲਾ ਦੇ ਸਦਗੁਣਾਂ ਨਾਲ ਭਰਪੂਰ ਹੈ। ਖਾਲਸੇ ਦੀ ਉਤਪਤੀ ਅਕਾਲ ਪੁਰਖ ਦੇ ਹੁਕਮ ਅਨੁਸਾਰ ਗੁਰੂ ਸਾਹਿਬਾਨ ਤੇ ਹੋਰ ਭਗਤਾਂ ਦੀ ਬਾਣੀ, ਗੁਰੂ ਸਾਹਿਬਾਂ ਦੇ ਉੱਚੇ ਸੁੱਚੇ ਕਰਨੀ ਵਾਲੇ ਜੀਵਨ, ਉਨ੍ਹਾਂ ਦੀ ਲੰਮੀ ਘਾਲਣਾ ਅਗੰਮੀ ਸੋਚ, ਕ੍ਰਾਂਤੀਕਾਰੀ ਦਾਰਸ਼ਨਿਕ ਸਿਧਾਂਤ ਤ੍ਰੈ ਕਾਲੀ ਦ੍ਰਿਸ਼ਟੀ ਅਤੇ ਬੇਮਿਸਾਲ ਕੁਰਬਾਨੀਆਂ ਵਿੱਚੋਂ ਹੋਈ ਹੈ। ਇਸ ਤਰ੍ਹਾਂ ਖਾਲਸੇ ਦੀ ਉਤਪਤੀ ਵਿਚ ਬਹੁਤ ਵਿਸ਼ਾਲ ਪੱਧਰ ਤੇ ਸੰਸਾਰਿਕ ਅਤੇ ਆਤਮਿਕ ਯਤਨ ਲੱਗੇ ਹਨ। ਖਾਲਸਾ ਅਕਾਲ ਪੁਰਖ ਦੀ ਸਾਜਨਾ ਹੈ, ਇਹ ਵਕਤੀ ਨਹੀ ਹੋ ਸਕਦਾ ਕਿਉਂਕਿ ਅਕਾਲ ਪੁਰਖ ਆਪ ਕਾਲ ਤੋਂ ਰਹਿਤ ਹੈ ਤੇ ਉਸ ਦੀ ਰਚਨਾ ਵੀ ਸਦੀਵ ਕਾਲ ਲਈ ਹੁੰਦੀ ਹੈ। ਅੱਜ ਲੋੜ ਹੈ ਪੰਥਕ ਸੰਸਥਾਵਾਂ, ਸਿੱਖ ਸੰਪਰਦਾਵਾਂ, ਸਭਾ ਸੁਸਾਇਟੀਆਂ, ਸਿਆਸੀ ਅਤੇ ਧਾਰਮਿਕ ਆਗੂਆਂ ਨੂੰ ਇੱਕ ਜੁੱਟ ਹੋ ਕੇ ਹੰਭਲਾ ਮਾਰਨ ਦੀ ਤਾਂ ਜੋ ਅਸੀਂ ਆਪਣੀ ਨੌਜਵਾਨ ਪੀੜ੍ਹੀ ਨੂੰ ਸੰਭਾਲ ਸਕੀਏ ਅਤੇ ਸਿੱਖੀ ਸਰੂਪ ਅਤੇ ਚੰਗੇ ਕਿਰਦਾਰ ਵਾਲੇ ਬਣਾ ਸਕੀਏ।


# ਖ਼ਾਲਸੇ ਦੀ ਸਿਰਜਣਾ



ਵਿਸਾਖੀ 1699 ਵਾਲੇ ਦਿਹਾੜੇ ਮਨੁੱਖਤਾ ਦੇ ਇਤਿਹਾਸ ਵਿਚ ਇਕ ਮਹਾਨ ਇਨਕਲਾਬੀ ਮੋੜ ਆਇਆ। ਉਸ ਦਿਹਾੜੇ ਦੀ ਚੜ੍ਹੀ ਨਵੀਂ ਪ੍ਰਭਾਤ ਨਾਲ ਮਨੁੱਖੀ ਬਰਾਬਰਤਾ ਤੇ ਸੁਤੰਤਰਤਾ ਦਾ ਯੁੱਗ ਆਰੰਭ ਹੋਇਆ। ਉਸ ਮਹਾਨ ਦਿਹਾੜੇ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਇਕ ਅਜਿਹਾ ਪਰਿਵਰਤਨ ਆਇਆ ਜੋ ਸੰਸਾਰ ਦੀ ਅੱਖ ਨੇ ਨਾ ਪਹਿਲਾਂ ਕਦੀ ਤੱਕਿਆ ਸੀ ਅਤੇ ਨਾ ਹੀ ਤੱਕਣਾ ਹੈ। ਇਸ ਅਲੌਕਿਕ ਖੇਡ ਦਾ ਭੇਦ ਉਦੋਂ ਖੁਲ੍ਹਿਆ ਜਦ ਇਕ-ਇਕ ਖ਼ਾਲਸਾ, ਸਵਾ-ਸਵਾ ਲੱਖ ਨਾਲ ਟਕਰਾਉਣ ਲੱਗ ਪਿਆ। ਖੰਡੇ-ਬਾਟੇ ਦਾ ਅੰਮ੍ਰਿਤ ਛਕਦਿਆਂ ਸਾਰ ਸਿੱਖਾਂ ਦੀ ਕਾਇਆ ਹੀ ਪਲਟ ਗਈ।


**ਇੰਜੀਨੀਅਰ ਪਰਮਿੰਦਰਜੀਤ ਸਿੰਘ**

**99153-57524**

ਰਣਜੀਤ ਨਗਾਰੇ ਤੋਂ ਸਰਬ-ਪੱਖੀ ਅਜ਼ਾਦੀ ਦੇ ਡੰਕੇ ਵੱਜਣ ਦੀ ਦੇਰ ਸੀ ਕਿ ਹਜ਼ਾਰਾਂ ਸਾਲਾਂ ਦੇ ਲਤਾੜੇ ਹੋਏ ਲੋਕਾਂ ਦੀਆਂ ਸੁੱਤੀਆਂ ਤਕਦੀਰਾਂ ਜਾਗ ਪਈਆਂ, ਸਦੀਆਂ ਦੇ ਗੁਲਾਮਾਂ ਦੀ ਗੁਲਾਮੀ ਦੇ ਸੰਗਲ ਟੁੱਟਣੇ ਸ਼ੁਰੂ ਹੋ ਗਏ, ਬ੍ਰਾਹਮਣਵਾਦੀ ਜਾਤਪਾਤ ਤੇ ਛੂਤਛਾਤ ਦੀਆਂ ਜ਼ੰਜ਼ੀਰਾਂ ਟੁੱਟਣ ਲੱਗ ਪਈਆਂ। ਦਸਮੇਸ਼ ਪਿਤਾ ਦੇ ਅੰਮ੍ਰਿਤ ਨੇ ਬ੍ਰਾਹਮਣਵਾਦ ਦੀ ਦੁਰਕਾਰੀ ਹੋਈ ਰਹਿੰਦ-ਖੂੰਦ ਵਿਚ ਅਜਿਹੀ ਸ਼ਕਤੀ ਤੇ ਬਲ ਭਰਿਆ ਕਿ ਉਹ ਨਿਡਰ ਦਲੇਰ, ਸੂਰਬੀਰ ਯੋਧੇ ਬਣ ਕੇ ਮੈਦਾਨ ਵਿਚ ਆ ਨਿੱਤਰੇ। ਖੰਡੇ ਦੀ ਪਾਹੁਲ ਛਕਦਿਆਂ ਹੀ ਖਾਲਸੇ ਨੇ ਲਲਕਾਰ ਨਾਲ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨੀਆਂ ਆਰੰਭ ਦਿੱਤੀਆਂ। ਗੁਰੂ ਨਾਨਕ ਸਾਹਿਬ ਨੇ ਸੰਸਾਰ ਵਿਚ ਪਹਿਲੀ ਵਾਰ ਇਸਤਰੀ ਨੂੰ ਸਮਾਜ ਵਿਚ ਬਰਾਬਰਤਾ ਦਾ ਸਨਮਾਨ ਬਖ਼ਸ਼ ਕੇ ਇਸਤਰੀ ਦੀ ਬਰਾਬਰਤਾ ਦੇ ਪੂਰਨੇ ਪਾਏ ਅਤੇ ਦਸਮੇਸ਼ ਪਿਤਾ ਨੇ ਇਸਤਰੀਆਂ ਨੂੰ ਮਰਦਾਂ ਦੇ ਬਰਾਬਰ ਅੰਮ੍ਰਿਤ ਛਕਾ ਕੇ ਸ਼ੇਰਨੀਆਂ ਬਣਾਇਆ। ਅਨੇਕਾਂ ਹੀ ਸਿੱਖ ਇਸਤਰੀਆਂ ਨੇ ਦਲੇਰੀ, ਨਿਰਭੈਤਾ ਅਤੇ ਸੂਰਮਗਤੀ ਦੇ ਅਜਿਹੇ ਜੌਹਰ ਵਿਖਾਏ ਸਨ, ਜਿਹੜੇ ਮਰਦਾਂ ਦੇ ਕਾਰਨਾਮਿਆਂ ਨੂੰ ਵੀ ਮਾਤ ਕਰਦੇ ਹਨ।

ਬਾਬੇ ਨਾਨਕ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੇ ਸਾਰੇ ਪ੍ਰਚਾਰ ਦਾ ਅੰਤਮ ਨਿਸ਼ਾਨਾ ਖਾਲਸੇ ਦੀ ਸਾਜਨਾ ਸੀ। ਖਾਲਸਾ ਸਾਜਣ ਦੀ ਬੁਨਿਆਦ ਵੀ ਬਾਬੇ ਨਾਨਕ ਨੇ ਆਪ ਹੀ ਰੱਖੀ। ਖਾਲਸਾ-ਪੰਥ ਵਿਚ ਦਾਖਲੇ ਦੀਆਂ ਕਰੜੀਆਂ ਸ਼ਰਤਾਂ ਵੀ ਆਪ ਜੀ ਨੇ ਆਪ ਹੀ ਨਿਸ਼ਚਿਤ ਕੀਤੀਆਂ ਅਤੇ ਸਪੱਸ਼ਟ ਕਿਹਾ ਕਿ ਜੇ ਸਭ ਨੂੰ ਪਿਆਰ ਕਰਨਾ ਸਿੱਖਣਾ ਹੈ ਅਤੇ ਇਸ ਕੁਰਬਾਨੀ ਵਾਲੇ ਮਾਰਗ ਦਾ ਰਾਹੀਂ ਬਨਣਾ ਹੈ ਤਾਂ ਪਹਿਲੀ ਸ਼ਰਤ ਇਹ ਹੈ ਕਿ ਸਿਰ ਤਲੀ 'ਤੇ ਧਰਨਾ (ਮਰਨ ਲਈ ਹਰ ਵੇਲੇ ਤੱਤਪਰ ਰਹਿਣਾ) ਪਏਗਾ। ਇਸ ਮਾਰਗ 'ਤੇ ਪੈਰ ਰੱਖਣ ਲਈ ਦੂਜੀ ਸ਼ਰਤ ਇਹ ਕਿ ਸਿਰ ਦੇਣ ਲੱਗਿਆਂ ਕਿਰਸ ਨਹੀਂ ਕਰਨੀ ਪਵੇਗੀ :

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** (ਪੰਨਾ - ੧੪੧੨)

ਦਸਮੇਸ਼ ਪਿਤਾ ਨੇ "ਇਤੁ ਮਾਰਗਿ ਪੈਰੁ ਧਰੀਜੈ-ਸਿਰੁ ਦੀਜੈ ਕਾਣਿ ਨ ਕੀਜੈ" ਦਾ 230 ਸਾਲਾਂ ਤੋਂ ਅਭਿਆਸ ਕਰਦੇ ਆ ਰਹੇ ਸਿੱਖਾਂ ਨੂੰ ਉਸ ਸੁਭਾਗੇ ਵਿਸਾਖੀ ਵਾਲੇ ਦਿਹਾੜੇ, ਕਰੜੇ ਇਮਤਿਹਾਨ ਦਾ ਪਰਚਾ ਪਾਉਣ ਦਾ ਪਲਾਨ ਉਲੀਕਿਆ। ਦੇਸ਼ ਦੇ ਕੋਨੇ-ਕੋਨੇ ਤੇ ਦੂਰ-ਦੁਰੇਡੇ ਦੀਆਂ ਸਿੱਖ-ਸੰਗਤਾਂ ਨੂੰ ਉਸ ਵਿਸਾਖੀ ਦੇ ਮੌਕੇ ਹੁੰਮ-ਹੁਮਾ ਕੇ ਪੁੱਜਣ ਦੇ ਹੁਕਮਨਾਮੇ ਅਤੇ ਪ੍ਰਚਾਰਕ ਭੇਜੇ। ਹਜ਼ਾਰਾਂ ਗੁਰੂ ਦੇ ਸਿੱਖ ਲੰਮੇ ਪੈਂਡੇ ਝਾਗ ਕੇ ਗੁਰੂ-ਹੁਕਮ ਅਨੁਸਾਰ ਇਕੱਠੇ ਹੋਣੇ ਸ਼ੁਰੂ ਹੋ ਗਏ। ਸ੍ਰੀ ਕੇਸਗੜ੍ਹ ਵਾਲੀ ਥਾਂ ਤੰਬੂ-ਕਨਾਤਾਂ ਲਾਈਆਂ ਗਈਆਂ। ਸਿੱਖ ਸ਼ਰਧਾਲੂਆਂ ਦੇ ਦਿਲਾਂ ਅੰਦਰ ਗੁਰੂ-ਦਰਸ਼ਨਾਂ ਦੀਆਂ ਤਾਂਘਾਂ ਦਾ ਜੋਸ਼ ਤੇ ਉਤਾਹ ਠਾਠਾਂ ਮਾਰ ਰਿਹਾ ਸੀ। ਆਖ਼ਿਰ ਉਹ ਜੁਗ-ਪਲਟਾਊ ਸਵੇਰ ਚੜ੍ਹੀ, ਭਾਰੀ ਦੀਵਾਨ ਸਜਿਆ,

ਸਿੱਖ-ਸੰਗਤਾਂ ਰਸ-ਭਿੰਨੇ ਕੀਰਤਨ-ਹੁਲਾਰਿਆਂ ਨਾਲ ਆਪਣੇ ਤਪਤ ਹਿਰਦਿਆਂ ਨੂੰ ਠਾਰਨ ਲੱਗੀਆਂ ਅਤੇ ਸਤਿਗੁਰਾਂ ਦੇ ਵਿਸ਼ੇਸ਼ ਬਚਨ ਸੁਣਨ ਲਈ ਤਾਂਘਣ ਲੱਗੀਆਂ।

ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪੈਂਦਿਆਂ ਹੀ ਦਸਮੇਸ਼ ਪਿਤਾ ਖੜ੍ਹੇ ਹੋ ਗਏ। ਮਿਆਨ ਵਿਚੋਂ ਲਿਸ਼ਕਦੀ ਕਿਰਪਾਨ ਖਿੱਚ ਕੇ ਗਰਜਵੀਂ ਆਵਾਜ਼ ਵਿਚ ਸਿੱਖ-ਸੰਗਤਾਂ ਨੂੰ ਸੰਬੋਧਨ ਕਰਦਿਆਂ ਫ਼ੁਰਮਾਇਆ, "ਅੱਜ ਗੁਰੂ ਦੇ ਸਿੱਖਾਂ ਦਾ ਇਮਤਿਹਾਨ ਹੈ। ਹੈ ਕੋਈ ਸਿੱਖ, ਜੋ ਇਸ ਕਿਰਪਾਨ ਦੀ ਪਿਆਸ ਬੁਝਾਉਣ ਲਈ ਆਪਣਾ ਸਿਰ ਭੇਟ ਕਰੇ?" ਆਪ ਜੀ ਨੇ ਕਿਰਪਾਨ ਸਿਰੋਂ ਉੱਚੀ ਕਰਕੇ ਫੇਰ ਸਿਰ ਦੀ ਮੰਗ ਦੁਹਰਾਈ। ਇਹ ਮੰਗ ਸੁਣ ਕੇ ਸਭ ਪਾਸੇ ਸਨਾਟਾ ਛਾ ਗਿਆ। ਸਭ ਪਾਸੇ ਚੁਪ ਵਰਤ ਗਈ। ਕੋਈ ਨਾ ਉਠਿਆ। ਤੀਜੀ ਵਾਰ ਜਦ ਗੁਰੂ ਸਾਹਿਬ ਨੇ ਸਿਰ ਦੇਣ ਦੀ ਮੰਗ ਦੁਹਰਾਈ ਤਾਂ ਇਸ ਵਾਰ ਭਾਈ ਦਇਆ ਰਾਮ ਜੀ, ਦੂਜੀ ਮੰਗ ਦੇ ਉੱਤਰ ਵਿਚ ਭਾਈ ਧਰਮ ਚੰਦ (ਖੱਤਰੀ), ਤੀਜੀ ਵਾਰ ਭਾਈ ਮੋਹਕਮ ਚੰਦ (ਛੀਂਬਾ), ਚੌਥੀ ਵਾਰ ਭਾਈ ਸਾਹਿਬ ਚੰਦ (ਨਾਈ) ਅਤੇ ਪੰਜਵੀਂ ਵਾਰ ਭਾਈ ਹਿੰਮਤ ਰਾਏ (ਝੀਉਰ) ਨਿੱਤਰੇ ਅਤੇ ਆਪਣੇ ਸਿਰ ਗੁਰੂ ਸਾਹਿਬ ਦੇ ਹਵਾਲੇ ਕੀਤੇ। ਗੁਰੂ ਸਾਹਿਬ ਜਦ ਤੰਬੂ ਵਿਚੋਂ ਬਾਹਰ ਆਏ ਤਾਂ ਆਪ ਜੀ ਦਾ ਨੂਰਾਨੀ ਚਿਹਰਾ ਖਿੜਿਆ ਹੋਇਆ ਅਤੇ ਅੱਖਾਂ ਵਿਚ ਰੂਹਾਨੀ ਜਲਾਲ ਸੀ। ਅੱਗੇ-ਅੱਗੇ ਆਪ ਸਨ ਅਤੇ ਪਿੱਛੇ-ਪਿੱਛੇ ਆਪਣਾ ਸਿਰ ਭੇਟ ਕਰਨ ਵਾਲੇ ਪੰਜੇ ਮਹਾਨ ਸੂਰਮੇ ਨਵੇਂ ਸਜੀਲੇ ਪਹਿਰਾਵੇ ਵਿਚ! ਉਸ ਇਲਾਹੀ ਚਮਤਕਾਰ ਨੂੰ ਵੇਖ ਕੇ ਸਭ ਸਿੱਖ-ਸੰਗਤਾਂ ਗਦ-ਗਦ ਹੋ ਉੱਠੀਆਂ। ਜਿਹੜੇ ਸੀਸ ਭੇਟਾ ਨਾ ਕਰ ਸਕੇ, ਉਨ੍ਹਾਂ ਨੂੰ ਹੈਰਾਨਗੀ ਵੀ ਹੋਈ ਅਤੇ ਪਛਤਾਵਾ ਵੀ। ਜਿਹੜੇ ਡਰ ਕੇ ਘਬਰਾ ਕੇ ਖਿਸਕ ਗਏ ਸਨ, ਉਹ ਵੀ ਦੀਵਾਨ ਵਿਚ ਪਰਤ ਆਏ।

ਗੁਰੂ ਸਾਹਿਬ ਨੇ ਸਰਬਲੋਹ ਦਾ ਬਾਟਾ (ਜਿਸ ਵਿਚ ਕਿਸੇ ਹੋਰ ਧਾਤ ਦਾ ਮਿਲਾਵਟ ਨਾ ਹੋਵੇ) ਮੰਗਵਾਇਆ, ਜਿਹੜਾ ਖਾਲਸਪਨ ਤੇ ਫ਼ੌਲਾਦੀ ਸ਼ਕਤੀ ਦਾ ਪ੍ਰਤੀਕ ਹੈ। ਸਵੱਛ ਜਲ, ਜਿਹੜਾ ਕਿ ਹਰ ਜੀਵ-ਜੰਤੂ ਦਾ ਜੀਵਨ-ਆਧਾਰ ਹੈ, ਮੰਗਵਾਇਆ। ਪਿਆਰ, ਮਿਠਾਸ ਤੇ ਨਿਮਰਤਾ ਦੇ ਪੁੰਜ ਮਾਤਾ ਸਾਹਿਬ ਕੌਰ ਨੇ ਤਿਆਰ ਹੋ ਰਹੇ ਅੰਮ੍ਰਿਤ ਵਿਚ ਪਤਾਸ਼ੇ ਲਿਆ ਕੇ ਪਾਏ ਜਿਹੜੇ ਕਿ ਸੰਸਾਰ ਦੀ ਉਚਤਮ ਮਿਠਾਸ ਦੇ ਪ੍ਰਤੀਕ ਹਨ। ਭਗਤੀ-ਭਾਵ ਨਾਲ ਗੜੂੰਦ ਅਤੇ ਇਕ ਅਕਾਲ ਪੁਰਖ ਨਾਲ ਜੋੜਨ ਵਾਲੇ "ਜਪੁ ਸਾਹਿਬ", ਭਗਤੀ ਤੇ ਸ਼ਕਤੀ ਦੇ ਸੁਮੇਲ ਅਤੇ ਬੀਰ ਰਸ ਦੇ ਪ੍ਰਤੀਕ "ਜਾਪੁ ਸਾਹਿਬ", ਵਹਿਮਾਂ-ਭਰਮਾਂ ਦੇ ਖੰਡਨ ਕਰਨ ਅਤੇ ਪ੍ਰੇਮ-ਰਸ ਦਾ ਸੰਚਾਰ ਕਰਨ ਵਾਲੇ "ਸੁਧਾ ਸਵੱਯੇ", ਨਿਮਰਤਾ ਸਹਿਤ ਅਕਾਲ ਪੁਰਖ ਅੱਗੇ ਰੱਖਿਆ ਕਰਨ ਦੀ ਜੋਦੜੀ ਕਰਨ ਲਈ "ਚੌਪਈ ਸਾਹਿਬ", ਅਕਾਲ ਪੁਰਖ ਦੀ ਕ੍ਰਿਪਾਲਤਾ ਸਦਕੇ ਪ੍ਰਾਪਤ ਹੋਏ ਵਜਦ ਦੀ ਸਹਿਜਮਈ ਤੇ ਅਨੰਦਮਈ ਬਾਣੀ 'ਅਨੰਦ ਸਾਹਿਬ' ਦੇ ਇਕ-ਮਨ, ਇਕ-ਚਿਤ ਪਾਠ ਨਾਲ ਗੁਰੂ ਸਾਹਿਬ ਨੇ ਅਜਿਹਾ ਅੰਮ੍ਰਿਤ ਤਿਆਰ ਕੀਤਾ ਕਿ ਪੀਣ ਵਾਲਿਆਂ ਦੀ ਕਾਇਆ ਹੀ ਪਲਟ ਕੇ ਰੱਖ ਦਿੱਤੀ। ਉਹ ਸਚਿਆਰ ਸੰਤ-ਸਿਪਾਹੀ ਬਣ ਗਏ ਅਤੇ ਅਕਾਲ ਪੁਰਖ ਦੇ ਕਾਇਦੇ-ਕਾਨੂੰਨ ਨੂੰ ਲਾਗੂ ਕਰਨ ਵਾਲੀ ਅਕਾਲ ਪੁਰਖ ਦੀ ਫੌਜ ਹੋ ਨਿਬੜੇ।

ਖਾਲਸੇ ਦੀ ਰਹਿਤ ਮਰਿਯਾਦਾ ਨਿਯਮ-ਬੱਧ ਕੀਤੀ ਗਈ। ਪੰਜ



ਕੱਕਾਰ-ਕੇਸ, ਕੰਘਾ, ਕੜਾ, ਕਛਹਿਰਾ ਅਤੇ ਕਿਰਪਾਨ ਸਰੀਰ ਦੇ ਲਾਜ਼ਮੀ ਅੰਗ ਬਣਾ ਦਿੱਤੇ ਗਏ। ਚਾਰ ਕੁਰਹਿਤਾਂ-ਸਰੀਰ ਦੇਕਿਸੇ ਵੀ ਹਿੱਸੇ ਤੋਂ ਕੇਸਾਂ ਦੀ ਬੇਅਦਬੀ ਕਰਨੀ, ਤੰਬਾਕੂ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰਨੀ, ਕੁੱਠੇ ਮਾਸ ਦੀ ਵਰਤੋਂ ਕਰਨੀ ਅਤੇ ਪਰ-ਇਸਤਰੀ ਦੇ ਗਮਨ ਕਰਨ ਨੂੰ ਬੱਜਰ ਪਾਪ ਕਰਾਰ ਦੇ ਦਿੱਤਾ ਗਿਆ। ਹਰ ਸਿੱਖ ਮਰਦ ਦੇ ਨਾਂ ਨਾਲ 'ਸਿੰਘ' ਅਤੇ ਹਰ ਸਿੱਖ ਇਸਤਰੀ ਦੇ ਨਾਲ 'ਕੌਰ' ਪਦ ਜੋੜ ਕੇ ਸਭ ਨੂੰ ਸਾਂਝੀਵਾਲਤਾ ਦੀ ਲੜੀ ਵਿਚ ਪਰੋਇਆ ਗਿਆ ਅਤੇ ਇਸ ਤਰ੍ਹਾਂ ਖਾਲਸੇ ਨੂੰ ਸੰਸਾਰ ਦੀ ਨਿਵੇਕਲੀ ਕੌਮ ਬਣਾਇਆ ਗਿਆ। ਉਸ ਦਿਨ ਤੋਂ ਖਾਲਸਾ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਦਸਮੇਸ਼ ਪਿਤਾ ਨੇ ਖਾਲਸੇ ਨੂੰ ਸੰਤ-ਸਿਪਾਹੀ ਦੇ ਮਹਾਨ ਜੀਵਨ-ਸਿਧਾਂਤ ਦਾ ਅਨੁਸਾਰੀ ਬਣਾਇਆ। "ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ" ਦੇ ਆਦੇਸ਼ ਨਾਲ ਸਾਰੀ ਮਨੁੱਖਤਾ ਨੂੰ ਪਿਆਰਨਾ ਹੈ। ਜਿਥੇ ਆਪਣੀ ਆਜ਼ਾਦ ਹਸਤੀ ਕਾਇਮ ਰੱਖਣਾ ਖਾਲਸੇ ਦਾ ਵਿਧਾਨਕ ਤੇ ਧਾਰਮਿਕ ਫਰਜ਼ ਹੈ, ਉਥੇ ਕਮਜ਼ੋਰਾਂ ਤੇ ਨਿਆਸਰਿਆਂ ਦੇ ਹੱਕਾਂ ਦੀ ਰਾਖੀ ਕਰਨੀ ਵੀ ਖ਼ਾਲਸੇ ਦਾ ਧਰਮ ਹੈ। ਜਿਥੇ ਨਾ ਜਾਬਰ, ਲੋਟੂ ਤੇ ਧਾੜਵੀ ਜੰਮਣ ਅਤੇ ਨਾ ਹੀ ਉਥੇ ਜ਼ੁਲਮ ਤੇ ਲੁੱਟ-ਖਸੁੱਟ ਕੋਈ ਕਰ ਸਕੇ ਕਿਸੇ ਦੀ। ਜਿਥੇ ਸਭ ਸੁਤੰਤਰ ਹੋਣ ਅਤੇ ਕੋਈ ਪ੍ਰਾਧੀਨ ਨਾ ਹੋਵੇ। ਸੱਚ ਤੇ ਇਨਸਾਫ਼ ਦਾ ਰਾਜ ਹੋਵੇ। ਇਹ ਸੀ ਬਾਬੇ ਨਾਨਕ ਦਾ ਸੁਪਨਾ ਜਿਸ ਨੂੰ ਸਾਕਾਰ ਕਰਨ ਲਈ ਖਾਲਸੇ ਦੀ ਸਾਜਨਾ ਕੀਤੀ ਗਈ। ਇਹ ਗੁਰੂ ਨਾਨਕ ਸਾਹਿਬ ਦੇ ਅਦੁੱਤੀ ਸੰਕਲਪ ਦੀ ਸੰਪੂਰਨਤਾ ਸੀ। ਦਸਮੇਸ਼ ਪਿਤਾ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਪ੍ਰਦਾਨ ਕੀਤੀ। ਜਿਨ੍ਹਾਂ ਨੂੰ ਆਪ ਅੰਮ੍ਰਿਤ ਛਕਾਇਆ, ਉਨ੍ਹਾਂ ਤੋਂ ਹੀ ਆਪ ਅੰਮ੍ਰਿਤ ਦੀ ਜਾਚਨਾ ਕਰਕੇ ਅੰਮ੍ਰਿਤ ਛਕਿਆ। ਪੰਜ ਪਿਆਰਿਆਂ ਨੂੰ ਆਪਣਾ ਗੁਰੂ ਤੇ ਆਗੂ ਸਵੀਕਾਰਿਆ।

ਸੰਸਾਰ ਦੀ ਹਰ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ ਪਰ ਬਿਨਾਂ ਮਿਹਨਤ ਦੇ ਨਹੀਂ। ਜਿੱਤ ਹਮੇਸ਼ਾ ਮੁੱਢ ਕਦੀਮ ਤੋਂ ਸੱਚ ਦੀ ਹੁੰਦੀ ਆਈ ਹੈ। ਜਿੱਤ ਹੁਣ ਵੀ ਸੱਚ ਦੀ ਵੀ ਹੋਣੀ ਹੈ। ਆਓ ਗੁਰੂ ਮਹਾਰਾਜ ਜੀ ਅੱਗੇ ਜੋਦੜੀ ਕਰੀਏ ਕਿ ਗੁਰੂ ਸਾਨੂੰ ਵੀ ਖ਼ਾਲਸੇ ਦੀ ਦਾਤ ਬਖ਼ਸ਼ੋ ਅਤੇ ਆਪਣੇ ਚਰਨਾਂ ਨਾਲ ਜੋੜੋ।

**ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਿਹ॥**

# ਸਭੇ ਸਾਝੀਵਾਲ ਸਦਾਇਨ ॥
# ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥ (ਅੰਗ-97)

ਦੁਨੀਆਂ ਦੇ ਸਾਰੇ ਜੀਵ ਜੰਤੂ ਤੇਰੇ ਨਾਲ ਹੀ ਸਾਂਝ ਰੱਖਣ ਵਾਲੇ ਅਖਵਾਂਦੇ ਹਨ। ਕੋਈ ਜੀਵ ਐਸਾ ਨਹੀਂ ਦਿਸਦਾ ਜੋ ਤੈਥੋਂ ਵੱਖਰਾ ਹੋਵੇ। (ਜਿਸ ਵਿਚ ਤੂੰ) ਨਾ ਹੋਵੇ।

ਗੁਰੂ ਸਾਹਿਬਾਨਾਂ ਵੱਲੋਂ ਰਚੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਵੀ ਵੱਖ-ਵੱਖ ਅੰਗਾਂ ਉੱਪਰ ਸਸ਼ੋਭਿਤ ਇਸ ਦੀ ਗਵਾਹੀ ਭਰ ਰਹੀ ਹੈ।

**ਜੀਅ ਜੰਤ ਸਭ ਤੁਧ ਉਪਾਏ ॥ ਜਿਤ ਜਿਤ ਭਾਣਾ ਤਿਤ ਤਿਤ ਲਾਏ ॥**

**ਸਭ ਕੁਝ ਕੀਤਾ ਤੇਰਾ ਹੋਵੈ ਨਾਹੀ ਕਿਛੁ ਅਸਾੜਾ ਜੀਉ ॥** (ਅੰਗ-103)

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੋਰਠਿ ਰਾਗ ਵਿਚ ਜੀਵ ਜੰਤੂਆਂ ਬਾਰੇ ਆਚਰਜ ਕੌਤਕ ਦੱਸਦੇ ਹਨ।

**ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥**

**ਏਕ ਪੁਰਬੁ ਮੈਂ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥** (ਅੰਗ-596)

ਅੰਡੇ ਵਿਚੋਂ ਜਿਓਰ ਵਿਚੋਂ ਧਰਤੀ ਵਿਚੋਂ ਮੁੜਕੇ ਵਿਚੋਂ ਜੰਮੇ ਹੋਏ ਸਾਰੇ ਜੀਵ ਤੇਰੇ ਹੀ ਪੈਦਾ ਕੀਤੇ ਹੋਏ ਹਨ (ਇਹ ਸਾਰੇ ਵੱਖ-ਵੱਖ ਰੰਗਾਂ ਅਤੇ ਕਿਸਮਾਂ ਦੇ ਹਨ) ਪਰ ਮੈਂ ਤੇਰੀ ਅਚਰਜ ਖੇਡ ਦੇਖਦਾ ਹਾਂ ਕਿ ਤੂੰ ਇਹਨਾਂ ਸਭਨਾਂ ਜੀਵਾਂ ਵਿਚ ਮੌਜੂਦ ਹੈ।

ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਰਚੀ ਬਾਣੀ ਵਿਚ 84 ਲੱਖ ਜੂਨਾਂ ਦਾ ਜ਼ਿਕਰ ਆਉਂਦਾ ਹੈ। ਭਗਤਾ ਦੀ ਬਾਣੀ ਵਿਚ ਜ਼ਿਕਰ ਆਉਂਦਾ ਹੈ ਕਿ 42 ਲੱਖ ਧਰਤੀ ਉੱਪਰ ਅਤੇ 42 ਲੱਖ ਪਾਣੀ ਵਿਚ ਇਹ ਜੂਨਾਂ ਆਪਣੀ ਯਾਤਰਾ ਪੂਰੀ ਕਰਦੇ ਹੋਏ ਜੇਕਰ ਪ੍ਰਮਾਤਮਾ ਚਾਹੇ ਤਾਂ ਮਨੁੱਖਾ ਜਨਮ ਵਿਚ ਪ੍ਰਵੇਸ਼ ਕਰ ਲੈਂਦੀਆਂ ਹਨ। ਇਹ ਆਵਨ-ਜਾਣ ਦਾ ਖੇਲ ਬਣਿਆ ਹੋਇਆ ਹੈ। ਸਾਡਾ ਮਨੁੱਖਾ ਜੀਵਨ ਕਿਤੇ ਵਿਅਰਥ ਨਾ ਜਾਵੇ ਸਾਨੂੰ ਉਸ ਅਕਾਲ ਪੁਰਖ ਨਾਲ ਜੁੜਨਾ ਚਾਹੀਦਾ ਹੈ ਕਿਉਂਕਿ ਉਹ ਦਿਆਲੂ ਵੀ ਹੈ ਤੇ ਕ੍ਰਿਪਾਲੂ ਵੀ। ਜਦੋਂ ਉਸ ਦੀ ਕ੍ਰਿਪਾ ਹੋ ਜਾਂਦੀ ਹੈ ਤਾਂ ਉਹ ਆਪ ਹੀ ਜੀਵ ਨਾਲ ਇਕ ਮਿਕ ਹੋ ਜਾਂਦਾ ਹੈ ਜਿਵੇਂ -

ਪ੍ਰਿੰਸੀਪਲ
ਪ੍ਰੀਤ ਮਹਿੰਦਰ ਪਾਲ ਸਿੰਘ
(ਸੇਵਾ ਮੁਕਤ)



**ਬਾਬੀਹਾ ਅੰਮ੍ਰਿਤ ਵੇਲੇ ਬੋਲਿਆ ਤਾਂ ਦਰਿ ਸੁਣੀ ਪੁਕਾਰ ॥** (ਅੰਗ-794)

ਜਦੋਂ ਪਪੀਹਾ ਅੰਮ੍ਰਿਤ ਵੇਲੇ ਅਰਜੋਈ ਕਰਦਾ ਹੈ ਤਾਂ ਉਸ ਦੀ ਅਰਦਾਸ ਪ੍ਰਭੂ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ।

ਨਿਤਨਾਮ ਬਾਣੀਆਂ ਵਿਚੋਂ ਰਹਿਰਾਸ ਸਾਹਿਬ ਵਿਚ ਜ਼ਿਕਰ ਆਉਂਦਾ ਹੈ-

**ਸੈਲ ਪਥਰ ਮਹਿ ਜੰਤ ਉਪਾਏ ॥**

**ਤਾ ਕਾ ਰਿਜਕ ਆਗੈ ਕਰਿ ਧਰਿਆ ॥**

ਪੱਥਰਾਂ ਵਿਚ ਪੈਦਾ ਹੋਏ ਕੀੜਿਆਂ ਦੇ ਰਿਜਕ ਦਾ ਵੀ ਉਸ ਨੂੰ ਖਿਆਲ ਹੈ ਭਾਵ ਉਹਨਾਂ (ਕੀੜੇ ਮਕੌੜਿਆਂ) ਦੀ ਰੋਜ਼ੀ ਰੋਟੀ ਦਾ ਇੰਤਜ਼ਾਮ ਵੀ ਕਰ ਰੱਖਿਆ ਹੈ। ਇਥੇ ਹੀ ਬੱਸ ਨਹੀਂ ਇਹ ਵੀ ਜ਼ਿਕਰ ਆਉਂਦਾ ਹੈ -

**ਮਹਾਨਤਾ ਕਦੇ ਨਾ ਡਿੱਗਣ ਵਿਚ ਨਹੀਂ**
**ਸਗੋਂ ਮਹਾਨਤਾ ਡਿੱਗ ਕੇ ਹਰ ਵਾਰ ਉੱਠਣ ਵਿਚ ਹੈ।**

**ਉਡੇ ਉਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**

**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥**

ਇਕੱਲਾ ਮਨੁੱਖ ਹੀ ਨਹੀਂ ਜਿਸ ਵੀ ਜੀਤ ਜੰਤੂ ਤੇ ਉਸ ਦੀ ਕ੍ਰਿਪਾ ਹੁੰਦੀ ਹੈ। ਉਹ ਪ੍ਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ। ਇਹੋ ਹੀ ਕਾਰਣ ਹੈ ਕਿ ਕੂੰਜਾ ਸਿਮਰਨ ਰਾਹੀਂ ਆਪਣੇ ਪਿੱਛੇ ਛੱਡੇ ਬੱਚਿਆਂ ਦੀ ਪਾਲਣਾ-ਪੋਸ਼ਣਾ ਕਰਦੀਆਂ ਹਨ।

ਜਪੁਜੀ ਸਾਹਿਬ ਵਿਚ ਰੋਜ਼ਾਨਾ ਹੀ ਸਿਮਰਿਆ ਜਾਂਦਾ ਹੈ -

**ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲੱਖ ਦਰੀਆਉ ॥**

ਉਸ ਅਕਾਲ ਪੁਰਖ ਦੇ ਇਕ ਹੁਕਮ ਨਾਲ ਹੀ ਕੁਦਰਤ ਦੀ ਰਚਨਾ ਹੋਈ ਅਤੇ ਅੱਗੇ ਤੋਂ ਅੱਗੇ ਉਸ ਦਾ ਪਸਾਰਾ ਹੋ ਗਿਆ। ਪ੍ਰਮਾਤਮਾ ਵੱਲੋਂ ਰਚੀ ਹੋਈ ਕੁਦਰਿਤ ਵਿਚ ਹੀ ਆਪ (ਪ੍ਰਮਾਤਮਾ) ਰਵ ਰਿਹਾ ਹੈ। ਦੇਖੀਏ ਆਸਾ ਦੀ ਵਾਰ ਵਿਚ

**ਕੁਦਰਿਤ ਦਿਸੈ ਕੁਦਰਿਤ ਸੁਣੀਐ ਕੁਦਰਿਤ ਭਉ ਸੁਖ ਸਾਰ ॥**

**ਕੁਦਰਿਤ ਪਤਾਲੀ ਅਕਾਸੀ ਕੁਦਰਿਤ ਸਰਬ ਆਕਾਰ ॥**

**ਕੁਦਰਿਤ ਪਉਣ ਪਾਣੀ ਬੈਸੰਤਰ ਕੁਦਰਿਤ ਧਰਤੀ ਖਾਕੁ ॥**

**ਸਭ ਤੇਰੀ ਕੁਦਰਿਤ ਤੂੰ ਕਾਦਿਰ ਕਰਤਾ ਪਾਕੀ ਨਾਈ ਪਾਕੁ ॥** (ਅੰਗ - 464)

ਗੁਰਬਾਣੀ ਇਹ ਵੀ ਗਵਾਹੀ ਭਰ ਰਹੀ ਹੈ ਕਿ ਪ੍ਰਮਾਤਮਾ ਵੱਲੋਂ ਰਚੀ ਹੋਈ ਕੁਦਰਤ ਪ੍ਰਮਾਤਮਾ ਦੇ ਭੈ ਵਿਚ ਚੱਲ ਰਹੀ ਹੈ।

**ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥**

**ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥**

**ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰ ਸਚ ਏਕ ॥** (ਅੰਗ - 464)

ਹਰ ਰੋਜ਼ ਰਹਿਰਾਸ ਦੀ ਬਾਣੀ ਦੇ ਸਿਮਰਨ ਤੋਂ ਬਾਅਦ ਗੁਰੂ ਘਰਾਂ ਵਿਚ ਆਰਤੀ ਦੇ ਸ਼ਬਦ ਕੀਰਤਨ ਦੇ ਰੂਪ ਵਿਚ ਗਾਏ ਜਾਂਦੇ ਹਨ-

**ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥**

**ਧੂਪ ਮਲਆਨਲੋ ਪਵਣ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥**

**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥** (ਅੰਗ - 13)

ਦੂਜੇ ਪਾਸੇ ਮਨੁੱਖ ਕੁਦਰਤ ਨਾਲ ਖਲਵਾੜ ਕਰ ਰਿਹਾ ਹੈ। ਜਿਥੇ ਆਪਣੀ ਸੁਖ ਸਹੂਲਤ ਵਾਸਤੇ ਪਹਾੜਾਂ ਨਾਲ ਛੇੜਛਾੜ ਕੀਤੀ ਜਾ ਰਹੀ ਹੈ ਉਥੇ ਹਵਾ ਅਤੇ ਪਾਣੀ ਨੂੰ ਵੀ ਬੁਰੀ ਤਰ੍ਹਾਂ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ। ਮਨੁੱਖ ਮਨੁੱਖ ਨੂੰ ਖਤਮ ਕਰਨ ਲਈ ਐਟਮ ਬੰਬ ਤਿਆਰ ਕਰੀ ਬੈਠਾ ਹੈ। ਫਿਰ ਵੀ ਗੁਰਬਾਣੀ ਸਾਨੂੰ ਦਰਸਾ ਰਹੀ ਹੈ ਕਿ ਉਸ ਪ੍ਰਭੂ ਦੀ ਮਿਹਰ ਦੀ ਨਿਗਾਹ ਜੀਵਾਂ ਉੱਪਰ ਨਿਰੰਤਰ ਬਣੀ ਹੋਈ ਹੈ।

**ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥**

**ਕਿਸੈ ਥੋੜੀ ਕਿਸੈ ਹੈ ਘਣੇਰੀ ॥** (ਅੰਗ - 119)

● ● ●

**ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ ਤੇ ਹੁੰਦਾ ਹੈ।**

# ਵਪਾਰਕ ਹਥੌੜੇ ਦੀ ਮਾਰ, ਚੂਰ-ਚੂਰ ਹੋ ਰਹੇ ਲੋਕ ਸੁਪਨੇ






**ਗੁਰਮੀਤ ਸਿੰਘ ਪਲਾਹੀ**

**98158-02070**


ਦੁਨੀਆ ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਸਿਮਟਦੀ ਜਾ ਰਹੀ ਹੈ। ਇਹੀ ਮੁੱਠੀ ਭਰ ਲੋਕ ਮਨੁੱਖ ਦੇ ਅਧਿਕਾਰਾਂ ਦਾ ਹਨਨ ਕਰਕੇ ਉਹਨਾਂ ਨੂੰ ਇੱਕ ਬਿੰਦੂ ਬਨਾਉਣ ਦੀ ਚਾਲ ਚਲ ਰਹੇ ਹਨ। ਪਿਛਲੇ ਕੁਝ ਸਾਲਾਂ 'ਚ ਜਿਵੇਂ ਦੁਨੀਆ ਦੇ ਸਭ ਤੋਂ ਵੱਡੇ ਸੌਦਾਗਰਾਂ ਨੇ ਸੌਦੇਬਾਜੀ ਕੀਤੀ, ਆਪਣੇ ਹਿੱਤਾਂ ਦੀ ਪੂਰਤੀ ਲਈ ਘਿਨਾਉਣੇ ਯਤਨ ਕੀਤੇ, ਹਰ ਹੀਲਾ-ਵਸੀਲਾ ਵਰਤਿਆ, ਇਹ ਦੁਨੀਆਂ 'ਤੇ ਕਾਲੇ ਸ਼ਾਹ ਬੱਦਲਾਂ ਦੀ ਦਸਤਕ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੇ ਹਾਲਾਤਾਂ 'ਚ ਦੁਨੀਆਂ ਕਿਥੇ ਜਾਏਗੀ?

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਹਥੌੜਾ ਨਿਰਵਿਘਨ ਚੱਲ ਰਿਹਾ ਹੈ। ਉਹ ਦੁਨੀਆ ਨੂੰ ਇੱਕ ਸਵਾਰਥੀ ਢਾਂਚੇ 'ਚ ਢਾਲਣ ਦੀ ਧੌਂਸ ਦੇ ਰਹੇ ਹਨ। ਆਪਣੇ ਅੱਠ ਹਫ਼ਤਿਆਂ ਦੇ ਕਾਰਜਕਾਲ ਵਿੱਚ ਉਸ ਨੇ ਡਬਲਯੂ.ਐੱਚ.ਓ. ਨੂੰ ਤਿਆਗ ਦਿੱਤਾ ਅਤੇ ਮਨੁੱਖੀ ਅਧਿਕਾਰਾਂ ਦੀ ਸੰਸਥਾ (ਯੂ.ਐਨ.ਐਚ.ਆਰ.ਸੀ.) ਸੰਯੁਕਤ ਰਾਸ਼ਟਰ ਰਾਹਤ ਏਜੰਸੀ (ਯੂ.ਐਨ.ਐਚ.ਆਰ.ਡਬਲਯੂ.ਏ.) ਨੂੰ ਵਿੱਤੀ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਯੂ.ਐਸ.ਏਡ. ਨੂੰ ਬੰਦ ਕਰ ਦਿੱਤਾ ਗਿਆ ਅਤੇ ਦੁਨੀਆਂ ਭਰ 'ਚ ਚਲ ਰਹੇ ਅਮਰੀਕਾ ਦੇ ਦਰਜਨਾਂ ਸਹਾਇਤਾ ਕੰਮਾਂ ਨੂੰ ਰੋਕ ਦਿੱਤਾ ਗਿਆ। ਸਥਿਤੀ ਜੇਕਰ ਇਵੇਂ ਹੀ ਰਹੀ ਤਾਂ ਉਹ ਨਾਟੋ ਅਤੇ ਯੂਰਪੀ ਸਹਿਯੋਗੀਆਂ ਨੂੰ ਵੀ ਛੱਡ ਸਕਦੇ ਹਨ। ਉਂਜ ਵੀ ਆਪਣੇ ਹਿੱਤਾਂ ਖ਼ਾਤਰ ਅਮਰੀਕਾ ਨੇ ਵਪਾਰਕ ਜੰਗ ਛੇੜ ਦਿੱਤੀ ਹੋਈ ਹੈ।

ਸੰਵਿਧਾਨਿਕ ਇਤਿਹਾਸ ਦੇ ਮਹਾਨ ਅਤੇ ਬਿਹਤਰੀਨ ਪਾਠ ਪੜ੍ਹਾਉਣ ਵਾਲਾ ਅਮਰੀਕਾ, ਮਨੁੱਖੀ ਅਧਿਕਾਰਾਂ ਦਾ ਕਦੇ ਰਾਖਾ ਵੀ ਕਹਿਲਾਉਂਦਾ ਰਿਹਾ ਹੈ। ਭਾਰਤ ਸਮੇਤ ਕਈ ਹੋਰ ਦੇਸ਼ਾਂ ਦਾ ਸੰਵਿਧਾਨ ਬਨਾਉਣ ਵਾਲਿਆਂ ਨੇ ਅਮਰੀਕਾ ਦੇ ਸੰਵਿਧਾਨ ਦੀ ਨਕਲ ਕੀਤੀ, ਕਿਉਂਕਿ ਅਮਰੀਕਾ ਆਜ਼ਾਦ ਅਤੇ ਲੋਕਤੰਤਰਿਕ ਨੀਤੀਆਂ ਵਾਲਾ ਦੇਸ਼ ਮੰਨਿਆ ਗਿਆ ਸੀ, ਜਿਹੜਾ ਗਰੀਬੀ ਅਤੇ ਬੀਮਾਰੀ ਨੂੰ ਖ਼ਤਮ ਕਰਨ ਦਾ ਸੰਕਲਪ ਲੈਂਦਾ ਸੀ। ਇਸ ਸੰਕਲਪ ਨੂੰ ਪੂਰਿਆਂ ਕਰਨ ਲਈ ਅਮਰੀਕਾ ਨੇ ਗੰਭੀਰ ਯਤਨ ਵੀ ਕੀਤੇ। ਇਥੋਂ ਦੇ ਚੁਣੇ ਰਾਸ਼ਟਰਪਤੀਆਂ ਨੇ ਆਪਣੇ ਸੰਵਿਧਾਨ ਦੀ ਰਾਖੀ ਕਰਦਿਆਂ ਅਮਰੀਕਾ ਨੂੰ ਇਕ ਅਮੀਰ ਮੁਲਕ ਬਨਾਉਣ ਲਈ ਦਹਾਕਿਆਂ ਤੱਕ ਯਤਨ ਕੀਤੇ। ਕਈ ਰਾਸ਼ਟਰਪਤੀਆਂ ਨੇ ਆਪਣੇ ਅਦੁੱਤੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਮਰੀਕੀ ਖੇਤਰ 'ਚ ਜਾਇਜ਼, ਨਜਾਇਜ਼ ਵਾਧਾ ਕੀਤਾ ਅਤੇ ਗੁਆਮ, ਫਿਲੀਪਨਜ਼ ਅਤੇ ਹਵਾਈ ਉੱਤੇ ਕਬਜ਼ਾ ਕੀਤਾ। ਕਈ ਦੇਸ਼ਾਂ ਨਾਲ ਸਿੱਧੇ-ਅਸਿੱਧੇ ਯੁੱਧ ਲੜੇ ਪਰ ਦੇਸ਼ ਦੇ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਰ੍ਹਾਂ ਕਿਸੇ ਵੀ ਹੋਰ ਰਾਸ਼ਟਰਪਤੀ ਨੇ ਆਪਣੇ ਅਧਿਕਾਰਾਂ ਦਾ ਬਿਨ੍ਹਾਂ ਵਜਹ ਇਸਤੇਮਾਲ ਨਹੀਂ ਕੀਤਾ।

ਮੌਜੂਦਾ ਰਾਸ਼ਟਰਪਤੀ ਆਪਣੇ ਅਧਿਕਾਰਾਂ ਦੀਆਂ ਹੱਦਾਂ ਤੋੜ ਬਿਨ੍ਹਾਂ ਜਾਂਚ-ਪਰਖ ਦੇ ਆਪਣੀਆਂ ਸ਼ਕਤੀਆਂ ਦਾ ਹਥੌੜਾ ਚਲਾ ਰਹੇ ਹਨ ਅਤੇ ਸਮੁੱਚੀ ਦੁਨੀਆ ਸਾਹਵੇਂ ਇੱਕ ਵੱਖਰਾ ਬਿਰਤਾਂਤ ਸਿਰਜ ਰਹੇ ਹਨ। ਉਹਨਾਂ ਦਾ ਇਹ ਕਥਨ ਮੌਜੂਦਾ ਦੌਰ 'ਚ ਵੇਖਣ, ਪਰਖਣ, ਵਿਚਰਨ ਯੋਗ ਹੈ, "ਮੈਂ ਆਪਣੀ ਸਾਰੀ ਜ਼ਿੰਦਗੀ ਸੌਦੇਬਾਜੀ ਕੀਤੀ ਹੈ"।

ਅਮਰੀਕਾ ਦੀ ਵਿਸਥਾਰ ਵਾਦੀ ਨੀਤੀ ਦਾ ਤਰਜਮਾਨ ਬਣਦਿਆਂ ਉਹ ਕੈਨੇਡਾ ਨੂੰ ਅਮਰੀਕਾ 'ਚ ਸ਼ਾਮਲ ਕਰਨ ਦੀ ਗੱਲ ਕਰਦੇ ਹਨ। ਉਹਨਾ ਨੇ ਗਰੀਨਲੈਂਡ ਨੂੰ ਆਪਣੇ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤੇ ਹੈ ਅਤੇ ਕਿਹਾ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਗਰੀਨਲੈਂਡ ਹਾਸਲ ਕਰ ਲਵਾਂਗੇ। ਸੌਦਾਗਰੀ,

ਵਿਸਥਾਰਵਾਦੀ, ਧੌਂਸ ਭਰੀਆਂ ਨੀਤੀਆਂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਦੀ ਸ਼ਾਸ਼ਨ ਦੀ ਭੁੱਖ ਅਤੇ ਆਪਣੇ ਆਪ ਨੂੰ ਸਰਬ ਸ਼੍ਰੇਸ਼ਟ ਬਨਾਉਣ ਦੀ ਥਾਣੇਦਾਰੀ ਸੋਚ ਦਾ ਪ੍ਰਤੀਕ ਹੈ।

ਇਹ ਮੰਨਿਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਪਹਿਲਾਂ ਚਾਰਟਰ "ਮੈਗਨਾ ਕਾਰਟਾ" ਸੰਨ 1215 'ਚ ਇੰਗਲੈਂਡ ਦੇ ਬਾਦਸ਼ਾਹ ਨੇ ਪ੍ਰਵਾਨ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਦੁਨੀਆ ਦੀ ਪਹਿਲੀ ਸੰਸਦ ਆਈਲੈਂਡ ਵਿੱਚ 1262 'ਚ ਸਥਾਪਿਤ ਹੋਈ, ਜਿਸਨੂੰ ਅਲਥਿੰਗ ਕਿਹਾ ਗਿਆ। ਦੁਨੀਆ ਦਾ ਪਹਿਲਾ ਲਿਖਤੀ ਸੰਵਿਧਾਨ 1600 'ਚ ਸੈਨ ਮੈਰੀਨੋ ਗਣਰਾਜ 'ਚ ਤਿਆਰ ਕੀਤਾ ਗਿਆ ਸੀ। ਫਰਾਂਸੀਸੀ ਦਾਰਸ਼ਨਿਕ ਮਾਟੈਂਸਕਿਊ ਵੱਲੋਂ 1748 'ਚ ਪ੍ਰਕਾਸ਼ਿਤ "ਕਾਨੂੰਨ ਦੀ ਭਾਵਨਾ" ਨੂੰ ਮਨੁੱਖੀ ਸ਼ਕਤੀਆਂ ਦਾ ਸਿਧਾਂਤਕਾਰ ਮੰਨਿਆ ਜਾਂਦਾ ਹੈ। ਪਰ ਅਮਰੀਕਾ ਹੀ ਦੁਨੀਆ ਵਿੱਚ ਇੱਕ ਇਹੋ ਜਿਹਾ ਦੇਸ਼ ਹੈ ਜੋ ਨਿਆਂਇਕ ਸ਼ਕਤੀ ਨੂੰ 24 ਸਤੰਬਰ 1789 ਨੂੰ ਲਾਗੂ ਕਰਨ ਵਾਲਾ ਮੰਨਿਆ ਗਿਆ ਤੇ ਇਥੇ ਹੀ ਸਰਬ ਉੱਚ ਅਦਾਲਤ ਸਥਾਪਿਤ ਹੋਈ।

ਅੱਜ ਇਹੀ ਅਮਰੀਕਾ ਘਰੇਲੂ ਪੱਧਰ 'ਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੇ ਢਾਹੇ ਚੜ੍ਹ ਕੇ ਅਮਰੀਕੀ ਸਰਕਾਰ ਦੇ ਢਾਂਚੇ ਨੂੰ ਖ਼ਤਮ ਕਰਨ ਦੇ ਰਾਹ ਤੁਰ ਰਿਹਾ ਹੈ। ਉਹ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਕੱਢ ਰਿਹਾ ਹੈ ਅਤੇ ਖਦਸ਼ਾ ਹੈ ਕਿ ਅਮਰੀਕੀ ਸਿੱਖਿਆ ਵਿਭਾਗ ਨੂੰ ਹੀ ਬੰਦ ਕਰ ਦੇਵੇਗਾ। ਰਾਸ਼ਟਰਪਤੀ ਟਰੰਪ ਦੀਆਂ ਆਰਥਿਕ ਨੀਤੀਆਂ ਅਮਰੀਕੀ ਅਰਥ ਵਿਵਸਥਾ ਨੂੰ ਗਲਤ ਪਾਸੇ ਲੈ ਜਾ ਸਕਦੀਆਂ ਹਨ, "ਅਮਰੀਕਾ ਫਸਟ ਨੀਤੀ", ਭਾਰਤ ਦੀ ਹਿੰਦੀ, ਹਿੰਦੂ, ਹਿੰਦੋਸਤਾਨ ਵਰਗੀ ਨੀਤੀ ਹੈ, ਜੋ ਲੋਕਤੰਤਰ ਅਮਰੀਕਾ ਦੇ ਸੀਨੇ 'ਤੇ ਵੱਡੀਆਂ ਚੋਭਾਂ ਲਾਏਗੀ। ਟਰੰਪ ਨੇ ਆਪਣੇ ਪਿਛਲੇ 50 ਦਿਨਾਂ ਦੇ ਫੈਸਲਿਆਂ ਨੇ ਦੁਨੀਆਂ ਭਰ ਦੇ ਲੋਕਾਂ ਨੂੰ ਚੌਂਕਾ ਦਿੱਤਾ ਹੈ। ਉਸਦੇ ਫੈਸਲੇ ਸਮਾਜਿਕ ਸੁਰੱਖਿਆ 'ਚ ਕਟੌਤੀ ਵਾਲੇ ਹਨ, ਜੋ ਅਮਰੀਕੀ ਉਪਭੋਗਤਾਵਾਂ ਉੱਤੇ ਹੀ ਨਹੀਂ, ਦੁਨੀਆ ਭਰ ਦੇ ਉਪਭੋਗਤਾਵਾਂ ਦਾ ਹਿਸਾਬ-ਕਿਤਾਬ ਖ਼ਰਾਬ ਕਰਨ ਵਾਲੇ ਹਨ।

ਇਸ ਨਾਲ ਮਹਿੰਗਾਈ 'ਚ ਵਾਧਾ ਤਾਂ ਹੋਏਗਾ ਹੀ, ਸਗੋਂ ਅਸਥਿਰਤਾ ਵੀ ਪੈਦਾ ਕਰੇਗਾ। ਅਮਰੀਕਾ ਦੇ ਟੈਰਿਫ ਦੁਨੀਆਂ ਨੂੰ ਮੰਦੀ ਵੱਲ ਧੱਕ ਸਕਦੇ ਹਨ। ਇਹ ਆਪਣੇ-ਆਪ ਵਿੱਚ ਇੱਕ ਖ਼ਤਰਨਾਕ ਖੇਡ ਹੈ।

ਰਾਸ਼ਟਰਪਤੀ ਟਰੰਪ ਨੇ ਸ਼ਾਸ਼ਨ ਸੰਭਾਲਦਿਆਂ ਹੀ ਗ਼ੈਰ-ਕਾਨੂੰਨੀ ਵਿਦੇਸ਼ੀਆਂ ਨੂੰ ਬਾਹਰ ਕੱਢਣ ਦਾ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਪ੍ਰਵਾਸੀਆਂ ਵਿੱਚ ਇੱਕ ਵੱਡਾ ਡਰ ਪੈਦਾ ਕੀਤਾ। ਹਜ਼ਾਰਾਂ ਲੋਕਾਂ ਨੂੰ ਫੌਜੀ ਜਹਾਜ਼ਾਂ 'ਚ ਬੇੜੀਆਂ, ਹੱਥ ਕੜੀਆਂ ਨਾਲ ਜਕੜਕੇ ਦੇਸ਼ ਤੋਂ ਕੱਢ ਦਿੱਤਾ। ਹੁਣ ਦੁਨੀਆ ਭਰ ਦੇ 41 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਹਨਾਂ ਨੂੰ ਅਮਰੀਕੀ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾਏਗਾ।

ਅਸਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਇਹ ਸਮੁੱਚੀਆਂ ਕਾਰਵਾਈਆਂ ਧੱਕਾ ਧੌਂਸ ਭਰੀਆਂ ਹਨ ਅਤੇ ਮਾਨਵਤਾ ਦੇ ਮੱਥੇ ਤੇ ਕਲੰਕ ਹਨ। ਦੁਨੀਆਂ ਭਰ ਦੇ ਮਾਨਵਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਪਹੁੰਚ ਤਾਂ ਹੁਣ ਵਿਸ਼ਵ ਨਾਗਰਿਕਤਾ ਵਾਲੀ ਹੈ, ਪਰ ਅਮਰੀਕੀ ਹਾਕਮ ਦੀ ਸੌੜੀ ਸੋਚ ਆਪਣੇ-ਆਪ ਨੂੰ "ਸ਼੍ਰੇਸ਼ਟ" ਅਤੇ ਦੂਜਿਆਂ ਨੂੰ ਘਟੀਆ ਸਮਝਣ ਵਾਲੀ ਹੈ।

ਇਸੇ ਯਤਨ ਤਹਿਤ ਰਾਸ਼ਟਰਪਤੀ ਟਰੰਪ ਨੇ ਦੋਸਤ, ਦੁਸ਼ਮਣ ਦਾ ਫ਼ਰਕ ਮਿਟਾਕੇ ਸਿਰਫ਼ ਸੌਦਿਆਂ ਨੂੰ ਤਰਜੀਹ ਦਿੱਤੀ। ਟੈਰਿਫ ਲਗਾਉਣ ਲੱਗਿਆਂ ਭਾਰਤ ਵਰਗੇ ਮਿੱਤਰ ਦੇਸ਼ ਨੂੰ ਵੀ ਨਹੀਂ ਬਖ਼ਸ਼ਿਆ। ਜੈਲੇਂਸਕੀ ਦੀ ਬਾਂਹ ਮਰੋੜਦਿਆਂ, ਆਪਣੇ ਵਲੋਂ ਦਿੱਤੇ ਹਥਿਆਰਾਂ ਬਦਲੇ ਉੱਥੋਂ ਦੇ ਖਣਿਜ ਪਦਾਰਥ ਖੋਹਣ ਲਈ ਜ਼ਬਰਦਸਤੀ ਕਬਜ਼ਾ-ਸਮਝੌਤਾ ਕਰਨ ਦੀ ਨੀਤੀ ਅਪਣਾਈ। ਆਪਣੇ ਵੱਡੇ ਦੁਸ਼ਮਣ ਚੀਨ ਨਾਲ ਥੋੜ੍ਹਾ ਨਿੱਘਾ ਹੱਥ ਮਿਲਾਉਣ ਦੀ ਨੀਤੀ ਅਪਣਾਈ। ਟਰੰਪ ਸ਼ਾਸ਼ਨ ਦਾ ਸਿੱਧਾ ਅਤੇ ਸਪੱਸ਼ਟ ਧਿਆਨ ਅਮਰੀਕਾ ਨੂੰ ਸਰਵ ਸ਼੍ਰੇਸ਼ਟ ਬਨਾਉਣ ਦਾ ਹੈ, ਇਸ ਵਾਸਤੇ ਉਹ ਹਰ ਕਿਸਮ ਦੀ ਸੌਦੇਬਾਜੀ-ਧੱਕੇਸ਼ਾਹੀ ਕਰਨ ਲਈ ਤਿਆਰ ਹੈ। ਟੈਰਿਫ ਯੁੱਧ ਜੋ ਅਮਰੀਕਾ ਨੇ ਛੇੜਿਆ ਹੈ, ਭਾਰਤ ਇਸ ਦੀ ਲਪੇਟ ਵਿੱਚ ਬੁਰੀ ਤਰ੍ਹਾਂ ਆ ਸਕਦਾ ਹੈ। ਆਪਣੀਆਂ ਫੌਜੀ ਲੋੜਾਂ ਪੂਰੀਆਂ ਕਰਨ ਲਈ ਸਮਾਨ ਖਰੀਦਣ ਵਾਸਤੇ ਉਸਨੂੰ ਭਾਰੀ ਭਰਕਮ ਟੈਰਿਫ ਦੇਣਾ ਪਵੇਗਾ। ਜਿਸਦਾ ਭੈੜਾ ਅਸਰ ਭਾਰਤੀ ਅਰਥ ਵਿਵਸਥਾ 'ਤੇ ਪਵੇਗਾ। ਉਸਦਾ ਵਿਸ਼ਵ ਗੁਰੂ ਬਨਣ ਦਾ ਸੁਪਨੇ ਢਹਿ-ਢੇਰੀ ਹੋ ਜਾਵੇਗਾ।

ਅੱਜ ਦੁਨੀਆਂ ਦੀਆਂ ਨਜ਼ਰਾਂ ਅਮਰੀਕਾ ਦੇ ਸਾਸ਼ਕ ਟਰੰਪ 'ਤੇ ਲੱਗੀਆਂ ਹੋਈਆਂ ਹਨ। ਉਹ ਇੱਕ ਪਾਸੇ ਕੁਸ਼ਲ ਵਪਾਰੀ ਵਾਂਗਰ ਵਿਚਰ ਰਿਹਾ ਹੈ, ਦੂਜੇ ਪਾਸੇ ਥਾਣੇਦਾਰ ਬਣ ਕੇ ਉਹ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਤੋਂ ਵੀ ਪਿੱਛੇ ਨਹੀਂ ਹੱਟ ਰਿਹਾ। ਇਵੇਂ ਲੱਗਦਾ ਹੈ ਕਿ ਉਹਦੀ ਮਨਸ਼ਾ "ਇੱਕ ਡਿਕਟੇਟਰ" ਵਾਂਗਰ ਦੁਨੀਆ 'ਤੇ ਰਾਜ ਕਰਨ ਦੀ ਹੈ।

ਅਮਰੀਕਾ ਦੇ ਵੱਡੇ ਦੁਸ਼ਮਣ ਰੂਸ ਵੱਲੋਂ ਯੂਕਰੇਨ ਨਾਲ ਛੇੜੀ ਜੰਗ 'ਚ ਉੱਥੋਂ ਦੇ ਡਿਕਟੇਟਰ ਰਾਸ਼ਟਰਪਤੀ ਪੁਤਿਨ ਨਾਲ ਡੋਨਲਡ ਟਰੰਪ ਦੀ ਮੌਜੂਦਾ ਸਾਂਝ ਭਿਆਲੀ, ਸਿਰਫ ਜੰਗ ਖ਼ਤਮ ਕਰਨ ਤੱਕ ਸੀਮਤ ਨਹੀਂ, ਇਹ ਸਾਂਝ ਭਿਆਲੀ ਦੁਨੀਆ ਦੀਆਂ ਮਹਾਂ ਸ਼ਕਤੀਆਂ ਅਮਰੀਕਾ ਤੇ ਰੂਸ ਦੀਆਂ ਆਪਸੀ ਵਿਵਸਥਾਰਵਾਦੀ ਨੀਤੀਆਂ ਨੂੰ ਅੱਗੇ ਕਰਨ ਦਾ ਇੱਕ ਸਮਝੌਤਾ ਹਨ। ਇਵੇਂ ਦੀ ਹੀ ਸਾਂਝ ਭਿਆਲੀ ਦੁਨੀਆ ਦੀ ਤੀਜੀ ਤਾਕਤ ਚੀਨ ਨਾਲ ਅਮਰੀਕਾ ਦੀ ਬਣਦੀ ਦਿਸਦੀ ਹੈ। ਅਮਰੀਕਾ ਨੇ ਆਪਣੇ ਸਭ ਤੋਂ ਵੱਡੇ ਦੁਸ਼ਮਣ ਚੀਨ ਉੱਤੇ ਟੈਰਿਫ ਦਰ ਵਾਧਾ ਸੀਮਤ ਰੱਖਿਆ। ਵੈਰੀ ਗਿਣੇ ਜਾਂਦੇ ਚੀਨ ਲਈ ਟਰੰਪ ਨੇ ਨਰਮ ਰੁਖ਼ ਅਪਣਾਇਆ ਹੈ। ਇਹ ਵੀ ਅਸਲ 'ਚ ਉਸਦੀ ਵਪਾਰਕ ਸੋਚ ਅਤੇ ਅਧਿਕਾਰਾਂ ਦਾ ਤਿੰਨ ਕੇਂਦਰਾਂ ਰੂਸ, ਅਮਰੀਕਾ ਅਤੇ ਚੀਨ ਤੱਕ ਕੇਂਦਰੀਕਰਨ ਹੈ। ਜਿਵੇਂ ਵਪਾਰੀ ਆਪਣੇ ਹਿੱਤਾਂ ਦੀ ਖ਼ਾਤਰ, ਲੋਕਾਂ ਦੀ ਲੁੱਟ ਦੀ ਖ਼ਾਤਰ, ਆਪਸੀ ਸਮਝੌਤੇ ਕਰਦੇ ਹਨ, ਇਵੇਂ ਦੇ ਸਮਝੌਤੇ ਕਰਨ ਲਈ ਰਾਸ਼ਟਰਪਤੀ ਟਰੰਪ ਅੱਗੇ ਵੱਧ ਰਿਹਾ ਹੈ।

ਇਸ ਵੇਲੇ ਦੁਨੀਆਂ ਨੂੰ ਕਾਬੂ ਕਰਨ ਲਈ ਸੱਤਾਧਾਰੀ ਸਾਸ਼ਕ ਟਰੰਪ (ਅਮਰੀਕਾ) ਪੁਤਿਨ (ਰੂਸ) ਅਤੇ ਸ਼ੀ ਜਿਨਪਿੰਗ (ਚੀਨ) ਦੁਨੀਆ 'ਚ

ਇੱਕ ਕਲੱਬ ਬਨਾਉਣ ਲਈ ਯਤਨਸ਼ੀਲ ਹਨ। ਉਹ ਆਪਣੇ ਮਨਚਾਹੇ ਇਲਾਕਿਆਂ ਨੂੰ ਹੜੱਪ ਲੈਣ ਦੀ ਤਾਕ 'ਚ ਹਨ। ਅਮਰੀਕਾ ਦੀ ਨਜ਼ਰ ਪਨਾਮਾ ਨਹਿਰ 'ਤੇ ਹੈ, ਕੈਨੇਡਾ, ਗ੍ਰੀਨਲੈਂਡ ਅਤੇ ਗਾਜ਼ਾਪੱਟੀ ਹਥਿਆਉਣਾ ਉਸਦਾ ਨਿਸ਼ਾਨਾ ਹੈ। ਰੂਸ ਪਹਿਲਾਂ ਹੀ ਕਰੀਮੀਆਂ, ਅਬਖਾਜ਼ਿਆ ਅਤੇ ਦੱਖਣੀ ਔਸ਼ੇਸ਼ਿਆ ਉੱਤੇ ਕਬਜ਼ਾ ਕਰ ਚੁੱਕਾ ਹੈ ਅਤੇ ਸ਼ਾਇਦ ਜਾਰਜੀਆ ਤੇ ਕਬਜ਼ਾ ਚਾਹੁੰਦਾ ਹੈ। ਚੀਨ, ਤਿੱਬਤ, ਹਾਂਗਕਾਂਗ ਨੂੰ ਆਪਣੇ 'ਚ ਜਬਰਦਸਤੀ ਮਿਲਾਉਣ ਉਪਰੰਤ, ਤਾਇਵਾਨ ਅਤੇ ਭਾਰਤ ਦੇ ਕੁੱਝ ਮਹੱਤਵਪੂਰਨ ਹਿੱਸਿਆਂ ਨੂੰ ਆਪਣੇ ਕਬਜੇ 'ਚ ਲਿਆਉਣ ਦੀ ਇੱਛਾ ਕਰ ਰਿਹਾ ਹੈ। ਇਹ ਤਿੰਨੇ ਸ਼ਕਤੀਆਂ ਆਪਣੀ ਪ੍ਰਭਾਵ ਦੇ ਖੇਤਰਾਂ ਵਿੱਚ ਕਬਜ਼ਾ ਕਰਕੇ ਉੱਥੋਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਦੇ ਚੱਕਰ 'ਚ ਆਪਸੀ ਸੌਦਾਗਿਰੀ ਕਰ ਸਕਦੇ ਹਨ ਅਤੇ ਆਪਣੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨਗੇ।

ਟਰੰਪ ਦੀ ਨੀਤੀ ਸਪੱਸ਼ਟ ਹੈ। ਵਪਾਰਕ ਹੈ। ਸਵਾਰਥੀ ਹੈ। ਉਸਦਾ ਸੁਭਾਅ ਹੰਕਾਰੀ ਹੈ। ਉਹ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸੇ ਦੀ ਪ੍ਰਵਾਹ ਨਾ ਹੁਣ ਕਰ ਰਿਹਾ ਹੈ ਅਤੇ ਨਾ ਕਰੇਗਾ। ਉਹ ਨੂੰ ਇਸ ਗੱਲ ਦੀ ਵੀ ਪਰਵਾਹ ਨਹੀਂ ਕਿ ਉਸਦੀਆਂ ਨੀਤੀਆਂ ਦੁਨੀਆਂ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਦੇਣਗੀਆਂ।

ਦੁਨੀਆ 'ਤੇ ਕਾਲੇ ਸ਼ਾਹ ਬੱਦਲ ਛਾਏ ਹੋਏ ਹਨ। ਵੱਡੀਆਂ ਸ਼ਕਤੀਆਂ ਦਾ ਬੋਲ-ਬਾਲਾ ਵੱਧ ਰਿਹਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਤਹਿਸ਼-ਨਹਿਸ਼ ਕੀਤੀਆਂ ਜਾ ਰਹੀਆਂ ਹਨ।

ਲੋਕ-ਸ਼ਕਤੀ ਹੀ ਇਸ ਹਨ੍ਹੇਰੀ, ਗੁਬਾਰ ਨੂੰ ਠੱਲ੍ਹ ਪਾ ਸਕੇਗੀ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿੰਨਾਂ ਕੁ ਚਿਰ ਲਾਉਣਗੇ ਆਪਣੇ ਘੁਰਨਿਆ 'ਚੋਂ ਬਾਹਰ ਆਉਣ ਲਈ, ਇਹੋ ਜਿਹੀ ਹੁੰਮਸ ਤੋਂ ਨਿਜ਼ਾਤ ਪਾਉਣ ਲਈ।

# ਸ. ਗਿਆਨ ਸਿੰਘ ਮੁਲਤਾਨੀ ਜੀ ਦੇ ਪਰਿਵਾਰ ਵਲੋਂ ਯਾਦਗਾਰੀ ਸਕਾਲਰਸ਼ਿਪ ਕੀਤਾ ਗਿਆ ਸ਼ੁਰੂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਸਾਬਕਾ ਸੀਨੀਅਰ ਮੀਤ ਪ੍ਰਧਾਨ ਅਤੇ ਸਾਬਕਾ ਜਨਰਲ ਸਕੱਤਰ ਮਰਹੂਮ ਸ. ਗਿਆਨ ਸਿੰਘ ਮੁਲਤਾਨੀ ਦੀ ਪਵਿੱਤਰ ਯਾਦ ਵਿੱਚ ਉਹਨਾਂ ਦੇ ਪਰਿਵਾਰ ਵਲੋਂ ਬਰਾਦਰੀ ਦੇ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਇਕ ਮਹੀਨਾਵਾਰ ਸਕਾਲਰਸ਼ਿਪ ਸ਼ੁਰੂ ਕੀਤਾ ਗਿਆ ਹੈ। ਸਵਰਗਵਾਸੀ ਮੁਲਤਾਨੀ ਸਾਹਿਬ ਦੇ ਸਪੁੱਤਰ ਇੰਜੀਨੀਅਰ ਅਮਰਜੀਤ ਸਿੰਘ ਮੁਲਤਾਨੀ ਨੇ ਦੱਸਿਆ ਕਿ ਪਰਿਵਾਰ ਵਲੋਂ ਹਰ ਮਹੀਨੇ ਲੋੜਵੰਦ ਵਿਦਿਆਰਥੀਆਂ ਨੂੰ 5000/- ਰੁਪਏ ਦੀ ਮਾਇਕ ਸਹਾਇਤਾ ਦਿੱਤੀ ਜਾਇਆ ਕਰੇਗੀ। ਲੋੜਵੰਦ ਬੱਚਿਆਂ ਦੀ ਚੋਣ ਲੁਬਾਣਾ ਫਾਊਡੇਸ਼ਨ ਦੀ ਪ੍ਰਬੰਧਕੀ ਕਮੇਟੀ ਹੀ ਕਰੇਗੀ। ਮੁਲਤਾਨੀ ਪਰਿਵਾਰ ਵਲੋਂ ਆਪਣੇ ਬਜ਼ੁਰਗਾਂ ਦੀ ਯਾਦ ਨੂੰ ਸਮਰਪਿਤ ਇਸ ਸੁਯੋਗ ਉਪਰਾਲੇ ਲਈ ਫਾਊਂਡੇਸ਼ਨ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਨੇ ਮੁਲਤਾਨੀ ਪਰਿਵਾਰ ਦਾ ਬਹੁਤ-ਬਹੁਤ ਧੰਨਵਾਦ ਕੀਤਾ।

**- ਸੰਪਾਦਕ**

# ਫਰਵਰੀ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ




ਹਰਮਨਪ੍ਰੀਤ ਸਿੰਘ
ਮੁਲਤਾਨੀ,
ਜਨਰਲ ਸਕੱਤਰ


ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਮਾਰਚ, 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ ਸੀਨੀ. ਮੈਨੇਜਰ (ਰਿਟਾ.), ਵਿੱਤ ਸਕੱਤਰ ਵਲੋਂ ਪੇਸ਼ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਮਾਰਚ ਮਹੀਨੇ ਦੀ ਕੁੱਲ ਆਮਦਨ :-4,73,688.00/-ਰੁਪਏ

ਮਾਰਚ ਮਹੀਨੇ ਦਾ ਕੁੱਲ ਖਰਚਾ :-4,37,303.00/-ਰੁਪਏ

31 ਮਾਰਚ 2024 ਤੱਕ ਕੁੱਲ ਰਾਸ਼ੀ:- 57,57,693.99/-ਰੁਪਏ

31 ਮਾਰਚ 2025 ਤੱਕ ਕੁੱਲ ਰਾਸ਼ੀ :-86,96,216.86/-ਰੁਪਏ

ਸਾਲ 01.04.2024 ਤੋਂ 31.03.2025 ਤੱਕ ਰਾਸ਼ੀ ਵਿਚ ਕੁੱਲ ਵਾਧਾ :-29,38,522.87 ਰੁਪਏ

ਇੱਥੇ ਵਰਨਣਯੋਗ ਹੈ ਕਿ ਮੌਜੂਦਾ ਮੈਨੇਜਮੈਂਟ ਦੇ ਇਕ ਸਾਲ 01.04.2024 ਤੋਂ 31.03.2025 ਤੱਕ ਦੇ ਸਮੇਂ ਦੌਰਾਨ ਭਵਨ ਵਿਖੇ ਕਰਾਏ ਗਏ ਅਨੇਕਾਂ ਕੰਮਾਂ ਤੇ ਖਰਚੇ ਦੇ ਉਪਰੰਤ 29,38,522.87/- ਰੁਪਏ ਦੀ ਆਮਦਨ ਪ੍ਰਾਪਤ ਕਰਨਾ ਸ਼ਲਾਘਾਂਯੋਗ ਪ੍ਰਾਪਤੀ ਹੈ।

2. **ਮਾਰਚ ਮਹੀਨੇ ਦੀ ਸੰਗਰਾਂਦ ਸੰਬੰਧੀ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਚੇਤ ਮਹੀਨੇ ਦੀ ਸੰਗਰਾਂਦ ਅਤੇ ਹੋਲੇ-ਮਹੱਲੇ ਦਾ ਦਿਹਾੜਾ ਮਿਤੀ 14.03.2025 ਨੂੰ ਬੜੀ ਹੀ ਸ਼ਰਧਾਪੂਰਵਕ ਅਤੇ ਪ੍ਰੇਮ ਭਾਵ ਨਾਲ ਮਨਾਇਆ ਗਿਆ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਰੱਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸਮੂਹ ਸਾਧ-ਸੰਗਤ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕੀਤੀਆਂ। ਕਰਨਲ ਗੁਰਦੀਪ ਸਿੰਘ (ਰਿਟਾ.) ਨੇ ਆਈ ਹੋਈ ਸੰਗਤਾਂ ਨੂੰ ਜੀ ਆਇਆ ਆਖਿਆ ਅਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (ਐਮ.ਡੀ.ਐਸ.) ਸੁਚੱਜੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਵਿੱਚ ਮਰੀਜ਼ ਡੈਂਟਲ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ ਸੰਬੰਧੀ** :- ਲੁਬਾਣਾ ਸੇਵਕ ਰਸਾਲੇ ਵਿਚ ਵਜ਼ੀਫ਼ਾ/ਫ਼ੀਸ ਬਿਨੈਪੱਤਰ ਪ੍ਰਾਪਤ ਕਰਨ ਦੀ ਮਿਤੀ 15.02.2025 ਰੱਖੀ ਗਈ ਸੀ। ਇਸ ਮਿੱਥੀ ਮਿਤੀ ਤੱਕ ਤਕਰੀਬਨ 30 ਵਜ਼ੀਫ਼ਾ/ਫ਼ੀਸਦੀਆਂ ਅਰਜੀਆਂ ਪ੍ਰਾਪਤ ਹੋਈਆਂ ਹਨ। ਮੈਰਿਟ ਕਮ ਮੀਨਸ ਕਮੇਟੀ ਵਲੋਂ ਪ੍ਰਾਪਤ ਹੋਈਆਂ ਅਰਜੀਆਂ ਦੀ ਪੂਰੀ ਤਰ੍ਹਾਂ ਪੜਤਾਲ ਕੀਤੀ ਗਈ ਹੈ ਅਤੇ ਬਣਦੀ ਰਾਸ਼ੀ ਦਾ ਭੁਗਤਾਨ ਵਿਦਿਆਰਥੀਆਂ ਦੇ ਬੈਂਕ ਖਾਤਿਆਂ ਵਿਚ ਅਪ੍ਰੈਲ ਦੇ ਮਹੀਨੇ ਵਿਚ ਹੀ ਕਰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਸ. ਅਮਰਜੀਤ ਸਿੰਘ ਮੁਲਤਾਨੀ (Xen. Engr.), ਮੈਂਬਰ ਵਰਕਿੰਗ ਕਮੇਟੀ ਵਲੋਂ ਆਪਣੇ ਮਾਨਯੋਗ

ਪਿਤਾ ਜੀ ਸ. ਗਿਆਨ ਸਿੰਘ ਮੁਲਤਾਨੀ ਜੋ ਕਿ ਆਪਣੇ ਜੀਵਨ ਕਾਲ ਦੌਰਾਨ ਲੁਬਾਣਾ ਫ਼ਾਉਂਡੇਸ਼ਨ ਦੇ ਵੱਖ-ਵੱਖ ਅਹੁਦਿਆਂ ਤੇ ਤੈਨਾਤ ਰਹੇ ਸਨ ਉਹਨਾਂ ਦੀ ਯਾਦ ਸ. ਗਿਆਨ ਸਿੰਘ ਮੁਲਤਾਨੀ ਸਕਾਲਰਸ਼ਿਪ ਸਕੀਮ ਪਰਿਵਾਰ ਵਲੋਂ 5,000/- ਰੁਪਏ ਪ੍ਰਤੀ ਮਹੀਨਾ ਲੋੜਵੰਦ ਅਤੇ ਉੱਚ-ਸਿੱਖਿਆ ਦੇ ਲਈ ਮਦਦ ਦੇ ਤੋਰ ਦਿਤੇ ਗਏ ਅਤੇ ਇਸ ਸਕਾਲਰਸ਼ਿਪ ਸਕੀਮ ਅਧੀਨ ਤਿੰਨ ਵਿਦਿਆਰਥਨਾਂ ਦੀ ਸਮੈਸਟਰਾਂ ਦੀ ਫ਼ੀਸ ਸੰਬੰਧਿਤ ਕਾਲਜ ਨੂੰ 31,980/- ਰੁਪਏ ਦੀ ਅਦਾਇਗੀ ਕਰ ਦਿੱਤੀ ਗਈ। ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

1. ਮਨਦੀਪ ਕੌਰ (ਸਮੈਸਟਰ-1) - 10,000/- ਰੁਪਏ
2. ਅਮਰਜੀਤ ਕੌਰ (ਸਮੈਸਟਰ-1) - 11,980/- ਰੁਪਏ
3. ਜਸਪ੍ਰੀਤ ਕੌਰ (ਸਮੈਸਟਰ-3) - 10,000/- ਰੁਪਏ

ਫ਼ਾਉਂਡੇਸ਼ਨ ਵਲੋਂ ਦਿੱਤੀ ਗਈ ਇਸ ਸਕੀਮ ਨੂੰ ਲਾਗੂ ਕਰਨ ਲਈ ਦਿੱਤੀ ਗਈ ਇਸ ਰਾਸ਼ੀ ਲਈ ਫ਼ਾਉਂਡੇਸ਼ਨ ਉਹਨਾਂ ਦਾ ਧੰਨਵਾਦ ਕਰਦੀ ਹੈ।

**5. ਜ਼ੋਨਲ ਪਲਾਨ ਸੰਬੰਧੀ** :- ਜ਼ੋਨਲ ਪਲਾਨ ਨੂੰ ਠੀਕ ਕਰਾਉਣ ਸੰਬੰਧੀ ਸੰਬੰਧਿਤ ਮਹਿਕਮੇ ਨਾਲ ਬੜੀ ਹੀ ਸੰਜੀਦਗੀ ਨਾਲ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇਸ ਕਾਰਜ ਲਈ ਵਿਸ਼ੇਸ਼ ਤੌਰ ਤੇ ਕਰਨਲ ਗੁਰਦੀਪ ਸਿੰਘ, ਮੀਤ ਪ੍ਰਧਾਨ (ਹੈ.ਕੁ.) ਅਤੇ ਜਨਰਲ ਸਕੱਤਰ ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਹਰ ਤਰ੍ਹਾਂ ਦੇ ਉਪਰਾਲੇ ਕਰ ਰਹੇ ਹਨ ਅਤੇ ਉਮੀਦ ਕੀਤੀ ਜਾ ਰਹੀ ਹੈ ਕਿ ਜਲਦੀ ਤੋਂ ਜਲਦੀ ਹੀ ਇਹ ਕਾਰਵਾਈ ਹੋ ਜਾਏਗੀ।

**6. ਐਨ.ਓ.ਸੀ. ਸੰਬੰਧੀ** :- ਚੰਡੀਗੜ੍ਹ ਇਮਾਰਤ ਸ਼ਾਖਾ ਵਲੋਂ ਦਫ਼ਤਰ ਪੇਸ਼ ਹੋਣ ਲਈ ਜਾਰੀ ਕੀਤੀ ਗਈ ਮਿਤੀ 12.03.2025 ਨੂੰ ਭਵਨ ਵਲੋਂ ਸ. ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ ਅਤੇ ਕਰਨਲ ਗੁਰਦੀਪ ਸਿੰਘ (ਰਿਟਾ.) ਵਾਇਸ ਪ੍ਰਧਾਨ, ਹੈ.ਕੁ. ਪੇਸ਼ ਹੋਏ ਅਤੇ ਭਵਨ ਦਾ ਪੱਖ ਰੱਖਿਆ। ਲਿਹਾਜਾ ਪੁਰਾਣੇ ਅਫ਼ਸਰ ਦਾ ਤਬਾਦਲਾ ਹੋਣ ਕਰਕੇ ਅਤੇ ਨਵੇਂ ਆਏ ਅਫ਼ਸਰ ਨੇ ਫ਼ਾਇਲ ਨੂੰ ਹੋਰ ਘੋਖ ਕਰਨ ਹਿੱਤ ਅਗਲੇਰੀ ਕਾਰਵਾਈ ਲਈ ਮਿਤੀ 05.05.2025 ਨੂੰ ਦੁਬਾਰਾ ਫਿਰ ਦਫ਼ਤਰ ਹਾਜ਼ਰ ਹੋਣ ਲਈ ਹੁਕਮ ਕੀਤਾ।

**7. ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਮੇਅਰ, ਚੰਡੀਗੜ੍ਹ ਦਾ ਸਨਮਾਨ ਕਰਨ ਸੰਬੰਧੀ** :- ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ, ਚੰਡੀਗੜ੍ਹ ਦੇ ਮੇਅਰ ਬਣੇ ਹਨ ਉਹ ਸਤਿਕਾਰਯੋਗ ਸਵਰਗਵਾਸੀ ਕਰਨਲ ਮੱਖਣ ਸਿੰਘ ਜੀ ਦੀ ਸਪੁੱਤਰੀ ਹਨ। ਇੱਥੇ ਇਹ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਜੀ ਦੇ ਪਿਤਾ ਸਵਰਗਵਾਸੀ ਕਰਨਲ ਮੱਖਣ ਸਿੰਘ ਜੀ ਜ਼ਿੰਦਗੀ ਭਰ ਲੁਬਾਣਾ ਫ਼ਾਉਂਡੇਸ਼ਨ ਨਾਲ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੰਦੇ ਰਹੇ ਸਨ ਅਤੇ ਉਹਨਾਂ ਵਲੋਂ ਲੈਂਡ-ਸਕੇਪਿੰਗ (Land Scaping) ਅਤੇ ਹਾਰਟੀ ਕਲਚਰ (Hearty Culture ) ਦਾ ਜੋ ਕੰਮ ਲੁਬਾਣਾ ਫ਼ਾਉਂਡੇਸ਼ਨ ਵਿਖੇ ਕੀਤਾ ਗਿਆ ਸੀ ਉਸ ਕਰਕੇ ਲੁਬਾਣਾ ਭਵਨ ਹਮੇਸ਼ਾ ਚੰਡੀਗੜ੍ਹ ਵਿਚ ਕਰਵਾਏ ਗਏ ਲੈਂਡ-ਸਕੇਪਿੰਗ (Land Scaping) ਮੁਕਾਬਲਿਆਂ ਵਿਚੋਂ ਪਹਿਲੇ ਸਥਾਨ ਤੇ ਆਉਂਦਾ ਰਿਹਾ ਹੈ।

ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਮੇਅਰ, ਚੰਡੀਗੜ੍ਹ ਭਾਈਚਾਰੇ ਦੀ ਹੋਣਹਾਰ ਸਪੁੱਤਰੀ ਹਨ ਅਤੇ ਇਸੇ ਸੰਦਰਭ ਵਿਚ ਉਹਨਾਂ ਨੂੰ ਮਿਤੀ 26.03.2025 ਨੂੰ ਭਵਨ ਦੇ ਕਾਨਫ਼ਰੰਸ ਹਾਲ ਵਿਚ ਲੁਬਾਣਾ ਫ਼ਾਉਂਡੇਸ਼ਨ ਵਲੋਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਨਿੱਘਾ ਸੁਆਗਤ ਕੀਤਾ ਗਿਆ ਅਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਆਪਣੇ ਸਵਰਗਵਾਸੀ ਪਿਤਾ ਜੀ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਬਹੁਤ ਹੀ ਭਾਵੁਕ ਹੋ ਗਏ ਅਤੇ ਉਹਨਾਂ ਵਲੋਂ ਨਗਰ ਨਿਗਮ ਨਾਲ ਸੰਬੰਧਿਤ ਕਿਸੇ ਵੀ ਕੰਮ ਨੂੰ ਕਰਵਾਉਣ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ। ਇਸ ਮੌਕੇ ਤੇ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ, ਕਰਨਲ ਗੁਰਦੀਪ ਸਿੰਘ (ਰਿਟਾ.) ਮੀਤ ਪ੍ਰਧਾਨ, ਹੈ.ਕੁ., ਸ. ਕੁਲਦੀਪ ਸਿੰਘ ਮੁਲਤਾਨੀ ਮੈਂਬਰ ਹਰਿਆਣਾ

ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਲੋਂ ਵੀ ਸੰਬੋਧਨ ਕੀਤਾ ਗਿਆ ਅਤੇ ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਜਨਰਲ ਸਕੱਤਰ ਵਲੋਂ ਸਮੁੱਚੀ ਕਾਰਵਾਈ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਗਈ।

8. **ਕਾਰਜਕਾਰਨੀ ਕਮੇਟੀ ਦੀ ਮੀਟਿੰਗ** :- ਮਿਤੀ 29.03.2025 ਨੂੰ ਕਾਰਜਕਾਰਨੀ ਕਮੇਟੀ ਦੀ ਦੂਸਰੀ ਮੀਟਿੰਗ ਮਿੰਨੀ ਲੈਕਚਰ ਹਾਲ ਵਿਖੇ ਹੋਈ। ਜਿਸ ਵਿੱਚ 75 ਕਾਰਜਕਾਰਨੀ ਮੈਂਬਰਾਂ ਅਤੇ ਸਪੈਸ਼ਲ ਇਨਵਾਇਟੀਆਂ ਨੇ ਭਾਗ ਲਿਆ। ਜਨਰਲ ਸਕੱਤਰ, ਸ: ਹਰਮਨਪ੍ਰੀਤ ਸਿੰਘ ਮੁਲਤਾਨੀ ਦੇ ਦੂਰੋਂ ਨੇੜਿਓਂ ਆਏ ਹੋਏ ਕਾਰਜਕਾਰਨੀ ਮੈਂਬਰ ਅਤੇ ਸਪੈਸ਼ਲ ਇਨਵਾਇਟੀਆਂ ਦਾ ਮੀਟਿੰਗ ਵਿਚ ਹਾਜ਼ਰੀ ਭਰਨ ਲਈ ਤਹਿ-ਦਿਲੋਂ ਧੰਨਵਾਦ ਕੀਤਾ ਅਤੇ ਪ੍ਰਧਾਨ ਜੀ ਪਾਸੋਂ ਮੀਟਿੰਗ ਨੂੰ ਚਲਾਉਣ ਲਈ ਆਗਿਆ ਮੰਗੀ, ਜਿਸਨੂੰ ਪ੍ਰਧਾਨ ਜੀ ਨੇ ਪ੍ਰਵਾਨ ਕੀਤਾ। ਜਿਸਦਾ ਆਗਾਸ ਮੂਲਮੰਤਰ ਅਤੇ ਗੁਰਮੰਤਰ ਦਾ ਸੰਗਤੀ ਰੂਪ ਵਿਚ ਜਾਪ ਕਰਨ ਨਾਲ ਹੋਇਆ। ਇਸ ਉਪਰੰਤ ਆਪਣੇ ਵਿੱਛੜੇ ਹੋਏ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ।

ਇੱਥੇ ਇਹ ਵੀ ਵਿਸ਼ੇਸ਼ ਜ਼ਿਕਰਯੋਗ ਹੈ ਕਿ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.), ਸੀਨੀ. ਮੀਤ ਪ੍ਰਧਾਨ (ਹੈ.ਕੁ.) ਜਿਹਨਾਂ ਨੇ ਅਮਰੀਕਾ ਤੋਂ ਲੰਮੇ ਸਫ਼ਰ ਦੇ ਬਾਵਜੂਦ ਵੀ ਸਿੱਧੇ ਭਵਨ ਪਹੁੰਚ ਤੇ ਮੀਟਿੰਗ ਵਿਚ ਭਾਗ ਲਿਆ ਜੋ ਕਿ ਕਾਬਿਲੇ ਤਾਰੀਫ਼ ਹੈ।

ਕਾਰਜਕਾਰਨੀ ਦੀ ਇਸ ਮੀਟਿੰਗ ਵਿਚ ਏਜੰਡੇ ਦੀਆਂ ਸਾਰੀਆਂ ਆਇਟਮਾਂ ਤੇ ਵਿਸਤਾਰ ਨਾਲ ਚਰਚਾ ਕਰਨ ਉਪਰੰਤ ਸਰਬ-ਸੰਮਤੀ ਨਾਲ ਸਹਿਮਤੀ ਦਿੱਤੀ ਗਈ ਅਤੇ ਇਸ ਪ੍ਰਭਾਵਸ਼ਾਲੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਵੱਡੇ ਪੱਧਰ ਤੇ ਆਏ ਸਮੂਹ ਮੈਂਬਰਾਂ ਦਾ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਵਲੋਂ ਤਹਿ-ਦਿਲੋਂ ਧੰਨਵਾਦ ਕੀਤਾ ਗਿਆ।

ਵਿੱਤ ਸਕੱਤਰ, ਸ. ਸੁਰਜੀਤ ਸਿੰਘ ਸੀਨੀ ਮੈਨੇਜਰ (ਰਿਟਾ.), ਕਪੂਰਥਲਾ ਵਲੋਂ ਭਵਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ ਡੀਟੇਲ ਵਿਚ ਪੇਸ਼ ਕਰਦਿਆ ਹੋਇਆ ਦੱਸਿਆ ਗਿਆ ਕਿ 31.03.2025 ਤੱਕ ਭਵਨ ਵਲੋਂ ਰੁਪਏ 34,85,278.50 ਖਰਚ ਕਰਨ ਉਪਰੰਤ ਭਵਨ ਆਪਣੀ ਆਮਦਨ ਵਿਚ ਮਾਨਮਤਾ 29,05,585.80/- ਰੁਪਏ ਦਾ ਵਾਧਾ ਕਰਨ ਵਿਚ ਕਾਮਯਾਬ ਰਿਹਾ। ਜਿਸਦਾ ਸਿਹਰਾ ਸਮੁੱਚੀ ਮੈਨੇਜਮੈਂਟ ਨੂੰ ਜਾਂਦਾ ਹੈ। ਜਿਸਦੀ ਤਾਇਦ ਅਤੇ ਸੁਆਗਤ ਸਾਰੇ ਕਾਰਜਕਾਰਨੀ ਦੇ ਮੈਂਬਰਾਂ ਅਤੇ ਸਪੈਸ਼ਲ ਇਨਵਾਇਟੀਆਂ ਨੇ ਤਾੜੀਆਂ ਮਾਰ ਕੇ ਅਤੇ ਸਰਵ-ਸੰਮਤੀ ਨਾਲ ਪ੍ਰਵਾਨਗੀ ਦਿੱਤੀ।

ਕਰਨਲ ਗੁਰਦੀਪ ਸਿੰਘ (ਰਿਟਾ.) ਮੀਤ ਪ੍ਰਧਾਨ (ਹੈ.ਕੁ.), ਨੇ ਭਵਨ ਵਿਖੇ ਕੀਤੇ ਗਏ ਕੰਮਾਂ ਬਾਰੇ ਡੀਟੇਲਡ ਜਾਣਕਾਰੀ ਕਾਰਜਕਾਰਨੀ ਮੈਂਬਰਾਂ ਨਾਲ ਸਾਂਝੀ ਕੀਤੀ ਕਿ ਕਿਵੇਂ ਉਹਨਾਂ ਨੇ ਬਹੁਤ ਮੁਸ਼ਕਲਾਂ ਵਿਚੋਂ ਗੁਜ਼ਰਦੇ ਹੋਏ ਭਵਨ ਦੀ ਸੋਲਰ-ਸਬਸਿਡੀ ਜੋ ਕਿ ਮਗਲਬ 6,15,000.00/- ਰੁਪਏ ਹੈ, 9 ਸਾਲਾਂ ਬਾਅਦ ਲੈਣ ਵਿਚ ਕਾਮਯਾਬ ਹੋਏ।

ਇਸ ਮੌਕੇ ਤੇ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.), ਸੀਨੀ. ਮੀਤ ਪ੍ਰਧਾਨ (ਹੈ.ਕੁ.), ਕਰਨਲ ਗੁਰਦੀਪ ਸਿੰਘ (ਰਿਟਾ.) ਮੀਤ ਪ੍ਰਧਾਨ (ਹੈ.ਕੁ.), ਸ.ਸੁਰਿੰਦਰ ਸਿੰਘ ਰੂਬੀ ਈ.ਟੀ.ਓ. (ਰਿਟਾ.) ਸੀਨੀ. ਮੀਤ ਪ੍ਰਧਾਨ ਅਤੇ ਅਡੀਟਰ ਲੁਬਾਣਾ ਸੇਵਕ, ਸ. ਬਲਦੇਵ ਸਿੰਘ ਮੁੰਦਰ ਸੀਨੀ ਮੀਤ ਪ੍ਰਧਾਨ, ਸ. ਰਣਜੀਤ ਸਿੰਘ ਰਿਜ਼ਨਲ ਪ੍ਰਧਾਨ ਹਰਿਆਣਾ, ਸ. ਪਰਮਜੀਤ ਸਿੰਘ ਪੰਮਾ, ਪਿਹੋਵਾ ਅਤੇ ਡਾ. ਜਸਵੰਤ ਸਿੰਘ ਬੈਗੋਵਾਲ, ਸ. ਕੁਲਦੀਪ ਸਿੰਘ ਮੁਲਤਾਨੀ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਬੋਧਿਤ ਕੀਤਾ ਗਿਆ। ਇਸ ਮੌਕੇ ਤੇ ਹਾਲ ਹੀ ਵਿਚ ਹੋਈਆਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਲੁਬਾਣਾ ਭਾਈਚਾਰੇ ਦੇ ਚੁਣੇ ਗਏ ਮੈਂਬਰ ਸ. ਕੁਲਦੀਪ ਸਿੰਘ ਮੁਲਤਾਨੀ, ਸ਼੍ਰੀਮਤੀ ਜਸਬੀਰ ਕੌਰ ਮਸਾਨਾ ਅਤੇ ਸ. ਰਜਿੰਦਰ ਸਿੰਘ ਬਰਾੜ੍ਹਾ ਸ਼੍ਰੋਮਣੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਅਤੇ ਨਾਲ ਹੀ ਸ. ਅਮਰਜੀਤ ਸਿੰਘ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਮੈਂਬਰ ਜੁਡੀਸ਼ੀਅਲ ਕਮੀਸ਼ਨ) ਅਤੇ ਸ.ਨਿਸ਼ਾਨ ਸਿੰਘ ਸਰਪੰਚ ਦਬੂਰਜੀ, ਸ. ਜਸਵੰਤ ਸਿੰਘ ਬਿੱਟੂ ਸਰਪੰਚ ਜਲਾਲਪੁਰ, ਸ. ਮਲਕੀਤ ਸਿੰਘ ਸਰਪੰਚ ਸਲੀਮਪੁਰ ਅਤੇ ਡਾ. ਜਸਵੰਤ ਸਿੰਘ, ਐਮ.ਸੀ. ਬੈਗੋਵਾਲ ਇਹਨਾਂ ਸਾਰਿਆਂ ਦਾ ਸਨਮਾਨ ਕੀਤਾ ਗਿਆ।

ਸ. ਸੁਖਵਿੰਦਰ ਸਿੰਘ, ਇੰਸਪੈਕਟਰ (ਸੀ.ਬੀ.ਆਈ.) ਜਲਾਲਪੁਰੀ ਜੋ ਕਿ ਬਹੁਤ ਹੀ ਚੰਗੀਆਂ ਰਚਨਾਵਾਂ ਅਤੇ ਕਵਿਤਾਵਾਂ ਅਕਸਰ ਲਿਖਦੇ ਰਹਿੰਦੇ ਹਨ ਅਤੇ ਉਹਨਾਂ ਦੀਆਂ ਇਸ ਸੰਬੰਧੀ ਲਿਖਿਆਂ ਕਿਤਾਬਾਂ ਪਹਿਲਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਸਮਾਗਮ ਵਿਚ ਸ. ਸੁਖਵਿੰਦਰ ਸਿੰਘ ਜਲਾਲਪੁਰੀ ਦਾ ਨਵੀਂ ਪ੍ਰਕਾਸ਼ਿਤ ਕਵਿਤਾ ਅਤੇ ਮਿੰਨੀ-ਕਹਾਣੀਆਂ ਦੇ ਸੰਗ੍ਰਹਿ ਦੀ ਕਿਤਾਬ "ਵਲਵਲਿਆਂ ਦਾ ਬੂਹਾ" ਰਿਲੀਜ਼ ਕੀਤੀ ਗਈ ਅਤੇ ਸ. ਸੁਖਵਿੰਦਰ ਸਿੰਘ ਜੀ ਨੂੰ ਇਸ ਨਵੀਂ ਪੁਸਤਕ ਤੇ ਸਮੁੱਚੀ ਮੈਨੇਜਮੈਂਟ ਵਲੋਂ ਵਧਾਈ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਜਨਰਲ ਸਕੱਤਰ, ਸ: ਹਰਮਨਪ੍ਰੀਤ ਸਿੰਘ ਮੁਲਤਾਨੀ ਵਲੋਂ ਸਟੇਜ ਦਾ ਸੰਚਾਲਨ ਬਾਖ਼ੂਬੀ ਨਿਭਾਇਆ। ਮੀਟਿੰਗ ਦੀ ਸਮਾਪਤੀ ਜਨਰਲ ਸਕੱਤਰ ਵਲੋਂ ਪ੍ਰਧਾਨ ਜੀ ਦਾ ਧੰਨਵਾਦ ਕਰਦੇ ਹੋਏ ਕੀਤੀ ਗਈ ਅਤੇ ਨਾਲ ਹੀ ਆਏ ਹੋਏ ਮੈਂਬਰ ਸਾਹਿਬਾਨਾਂ ਅਤੇ ਹੋਰ ਪਤਵੰਤੇ ਸੱਜਣਾਂ ਨੂੰ ਬੇਨਤੀ ਕੀਤੀ ਕੇ 'ਗੁਰੂ ਕਾ ਲੰਗਰ' ਛੱਕ ਕੇ ਜਾਣ।

**9. ਭਾਈ ਮਨੀ ਸਿੰਘ ਬਲਾਕ ਦੇ ਦੂਸਰੀ ਅਤੇ ਤੀਸਰੀ ਮੰਜ਼ਿਲ ਦੇ ਕਮਰਿਆਂ ਸਮੇਤ ਪੂਰੀ ਮਰਮੰਤ ਕਰਾਉਣ ਸੰਬੰਧੀ** :- ਭਾਈ ਮਨੀ ਸਿੰਘ ਬਲਾਕ ਦੇ ਦੂਸਰੀ ਅਤੇ ਤੀਸਰੀ ਮੰਜ਼ਿਲ ਦੇ ਕਮਰਿਆਂ ਦੇ ਕੋਰੀਡੋਰ ਦੇ ਵਿਚ ਟਾਇਲਾਂ ਲਗਾਉਣ ਦਾ ਕੰਮ ਜਾਰੀ ਹੈ। ਇਸ ਤੋਂ ਇਲਾਵਾ ਦੂਸਰੀ ਅਤੇ ਤੀਸਰੀ ਮੰਜ਼ਿਲ ਦੇ ਕਮਰਿਆਂ ਦੀ ਜ਼ਰੂਰੀ ਮੁਰਮੰਤ ਕਰਵਾਈ ਜਾ ਰਹੀ ਹੈ ਅਤੇ ਸਾਰੇ ਕਮਰਿਆਂ ਵਿਚ ਪੇਂਟ ਅਤੇ ਖਿੜਕਿਆਂ-ਦਰਵਾਜ਼ਿਆਂ ਦੀ ਪਾਲਿਸ਼ ਦਾ ਕੰਮ ਵੀ ਚੱਲ ਰਿਹਾ ਹੈ । ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਦੀ ਰਹਿਨੁਮਾਈ ਹੇਠ ਸਮੁੱਚੀ ਮੈਨੇਜਮੈਂਟ ਵਲੋਂ ਇਸ ਕੰਮ ਨੂੰ ਯੋਜਨਾਬੱਧ ਢੰਗ ਨਾਲ ਕਰਾਇਆ ਜਾ ਰਿਹਾ ਹੈ ਅਤੇ ਇਸ ਕੰਮ ਸੰਬਧੀ ਕਾਰਜਕਾਰਨੀ ਕਮੇਟੀ ਵਿਚ ਹੀ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਵਲੋਂ ਵਿੱਤੀ ਸਹਿਯੋਗ ਦੀ ਅਪੀਲ ਕੀਤੀ ਗਈ ਸੀ, ਜਿਸ ਤਹਿਤ ਮੌਕੇ ਤੇ ਹੀ ਕਈ ਸੱਜਣਾਂ ਨੇ ਆਪਣਾ ਯੋਗਦਾਨ ਪਾਇਆ ਅਤੇ ਤਕਰੀਬਨ 50,000/- ਰੁਪਏ ਦੀ ਰਾਸ਼ੀ ਪ੍ਰਾਪਤ ਹੋਈ।

**10. ਮੇਨ-ਆਡਿਟੋਰੀਅਮ ਦੇ ਦਰਵਾਜ਼ਿਆਂ ਦੀ ਮੁਰਮੰਤ ਸੰਬੰਧੀ** :- ਮੇਨ-ਆਡਿਟੋਰੀਅਮ ਦੇ ਤਕਰੀਬਨ 12 ਦਰਵਾਜ਼ੇ, ਜੋ ਕਿ ਖਸਤਾ ਹਾਲਤ ਵਿਚ ਸਨ, ਉਹਨਾਂ ਦੀ ਮੁਰਮੰਤ ਨਵੇਂ ਢੰਗ ਨਾਲ ਕਰਵਾਈ ਜਾ ਰਹੀ ਹੈ। ਭਵਨ ਵਿਖੇ ਮੁਰੰਮਤ ਦੀ ਕਾਰਵਾਈ ਨੂੰ ਸੁਚੱਜੇ ਢੰਗ ਨਾਲ ਕਰਵਾਉਣ ਲਈ ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.) ਸੀਨੀ ਮੀਤ ਪ੍ਰਧਾਨ (ਹੈ.ਕੁ.), ਸ. ਹਰਮਨਪ੍ਰੀਤ ਸਿੰਘ ਮੁਲਤਾਨੀ ਜਨਰਲ ਸਕੱਤਰ, ਸ. ਸੁਰਜੀਤ ਸਿੰਘ ਸੀਨੀ ਮੈਨੇਜਰ (ਰਿਟਾ.) ਵਿੱਤ ਸਕੱਤਰ, ਕਰਨਲ ਗੁਰਦੀਪ ਸਿੰਘ (ਰਿਟਾ.) ਮੀਤ ਪ੍ਰਧਾਨ (ਹੈ.ਕੁ.), ਸ. ਨਿਰਮਲ ਸਿੰਘ ਤੇ ਸੂਬੇਦਾਰ ਮੇਜਰ ਜਲਪਾਲ ਸਿੰਘ (ਰਿਟਾ.) ਮੈਂਟੀਨੈਂਸ ਸਕੱਤਰਅਤੇ ਸ. ਰਵਿੰਦਰ ਸਿੰਘ ਗੁਰੂ ਘਰ ਮੁੱਖ ਸੇਵਾਦਾਰ ਹਰ ਕੰਮ ਨੂੰ ਮਿਲ ਕੇ ਪੂਰੀ ਦੇਖ ਰੇਖ ਅਤੇ ਸੁਜੱਚੇ ਢੰਗ ਨਾਲ ਕਰ ਰਹੇ ਹਨ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।**

# ਭਗਤ ਧੰਨਾ ਜੀ



ਰਾਜਸਥਾਨ ਵਿਚ ਟੌਂਕ ਪਰਗਨੇ ਤੋਂ ਵੀਹ ਮੀਲ ਦੀ ਵਾਟ ਤੇ ਦਿਉਲੀ ਛਾਵਨੀ ਦੇ ਲਾਗੇ ਪਿੰਡ ਧੁਆਂ ਵਿਚ ਭਗਤ ਧੰਨਾ ਜੀ ਦਾ ਜਨਮ ਸੰਨ 1415 ਨੂੰ ਹੋਇਆ। ਪਿੰਡ ਵਿਚ ਜਦ ਵੀ ਕੋਈ ਸਾਧੂ ਮਹਾਤਮਾ ਆਉਂਦਾ ਤਾਂ ਆਪ ਸਭ ਤੋਂ ਅੱਗੇ ਬੈਠ ਕਥਾ ਵਾਰਤਾ ਸੁਣਦੇ ਤੇ ਫਿਰ ਸਾਧੂਆਂ ਨੂੰ ਘਰ ਲਿਆ ਸੇਵਾ ਕਰਦੇ। ਇਕ ਵਾਰੀ ਇਕ ਪੰਡਤ ਦੀ ਜਦ ਕਥਾ ਸੁਣੀ ਕਿ ਭਗਤ ਕਬੀਰ, ਭਗਤ ਨਾਮਦੇਵ ਅਤੇ ਰਵਿਦਾਸ ਜੀ ਤੇ ਸੈਣ ਨੇ ਵਾਹਿਗੁਰੂ ਦੇ ਪ੍ਰਤੱਖ ਦਰਸ਼ਨ ਕੀਤੇ ਹਨ ਤਾਂ ਇਨ੍ਹਾਂ ਦੇ ਮਨ ਵਿਚ ਵੀ ਚਾਅ ਉਠਿਆ ਕਿ ਉਹ ਵੀ ਵਾਹਿਗੁਰੂ ਦੀ ਹਜ਼ੂਰੀ ਦਾ ਆਨੰਦ ਮਾਨਣਗੇ। ਐਸੇ ਭਗਤੀ ਵਿਚ ਲੱਗੇ ਕਿ ਵਾਹਿਗੁਰੂ ਨੇ ਪ੍ਰਤੱਖ ਦਰਸ਼ਨ ਦਿੱਤੇ ਅਤੇ ਬੜੇ ਭਾਗਾਂ ਵਾਲੇ ਹੋਏ। ਗੁਰੂ ਅਰਜਨ ਦੇਵ ਜੀ ਨੇ ਗਵਾਹੀ ਭਰੀ ਹੈ :

**ਇਹਿ ਬਿਧਿ ਸੁਨਿ ਕੈ ਜਾਟਰੋ**
**ਉਠਿ ਭਗਤੀ ਲਾਗਾ॥**
**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ॥**

- **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 488

ਭਗਤ ਧੰਨਾ ਜੀ ਆਪ ਵੀ ਲਿਖਦੇ ਹਨ ਕਿ ਹਰ ਥਾਂ ਵਿਆਪਕ ਪ੍ਰਭੂ ਦੀ ਜੋਤ ਜਦ ਅੰਦਰ ਹਿਰਦੇ ਵਿਚ ਟਿਕ ਗਈ ਤਾਂ ਉਹ ਪ੍ਰਭੂ ਜੋ ਹੱਥ ਆਉਣਾ ਮੁਸ਼ਕਿਲ ਲਗਦਾ ਹੀ ਛੇਤੀ ਮਿਲ ਗਿਆ। ਆਪਣਾ ਤਜਰਬਾ ਸਾਂਝਾ ਕਰਦੇ ਹੋਏ ਭਗਤ ਧੰਨਾ ਜੀ ਕਹਿੰਦੇ ਹਨ ਕਿ ਉਸ ਨੇ ਜਗਤ ਦਾ ਮਾਲਕ (ਧਰਣੀ ਧਰੁ) ਨੂੰ ਹੋਰ ਕਿਧਰੋਂ ਨਹੀਂ ਪਾਇਆ ਕੇਵਲ ਸੰਤ ਜਨਾਂ ਦੀ ਸੰਗਤ ਕੀਤੀ ਤੇ 'ਧਰਣੀ ਧਰੁ' ਪ੍ਰਾਪਤ ਕਰ ਲਿਆ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
98144-74535




ਆਸਾ ਰਾਗ ਦੇ ਦੂਜੇ ਸ਼ਬਦ ਵਿਚ ਭਗਤ ਧੰਨਾ ਜਾ ਕਹਿੰਦੇ ਹਨ ਕਿ ਜੇ ਸਾਰੀ ਧਰਤੀ ਦਾ ਵੀ ਕੋਈ ਮਾਲਕ ਬਣ ਜਾਏ ਤਾਂ ਵੀ ਉਸ ਦੀ ਮਰਜ਼ੀ ਨਹੀਂ ਚਲਣੀ। ਹੋਣਾ ਉਹ ਕੁਝ ਹੀ ਹੈ ਜੋ ਵਾਹਿਗੁਰੂ ਨੂੰ ਭਾਵੇ।

**ਜੇ ਧਾਵਹਿ ਬ੍ਰਹਮੰਡ ਖੰਡ ਕਉ**
**ਕਰਤਾ ਕਰੈ ਸੁ ਹੋਈ॥**

- **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 488

**ਸਮਝਾਂਦੇ** : ਰੋਜ਼ੀ ਦਾ ਫਿਕਰ ਛੱਡ ਕਿਉਂਕਿ ਰੋਜ਼ੀ ਰੋਟੀ ਦਾ ਪ੍ਰਬੰਧ ਤਾਂ ਵਾਹਿਗੁਰੂ ਨੇ ਉਸ ਵੇਲੇ ਵੀ ਕੀਤਾ ਜਦ ਤੂੰ ਮਾਂ ਦੇ ਉਦਰ ਵਿਚ ਸੀ। ਪੱਥਰ ਪਏ ਕੀੜੇ ਨੂੰ ਜਿਸ ਦਾ ਕੋਈ ਦਰਵਾਜ਼ਾ ਤੱਕ ਨਹੀਂ ਹੁੰਦਾ, ਉਹ ਰੋਜ਼ੀ ਪਹੁੰਚਾਉਂਦਾ ਹੈ। ਤੂੰ ਕਿਉਂ ਤੌਖਲਾ ਕਰਦਾ ਹੈਂ। ਤੇਰੇ ਲਈ ਇਕ ਹੀ ਬਣ ਆਉਂਦਾ ਹੈ ਕਿ ਉਸ ਦੀ ਯਾਦ ਹਿਰਦੇ ਸੰਭਾਲ।

**ਪਾਖਨਿ ਕੀਟੁ ਗੁਪਤੁ ਹੋਇ ਰਹਤਾ**
**ਤਾ ਚੋ ਮਾਰਗੁ ਨਾਹੀ॥**
**ਕਹੈ ਧੰਨਾ ਪੂਰਨ ਤਾਹੂ ਕੋ**
**ਮਤ ਰੇ ਜੀਅ ਡਰਾਂਹੀ॥**

- **ਸ੍ਰੀ ਗੁਰੂ ਗ੍ਰੰਥ ਸਾਹਿਬ**, ਪੰਨਾ 488

ਸਾਡੇ ਇਤਿਹਾਸ ਮੁਤਾਬਕ ਭਗਤ ਧੰਨਾ ਜੀ ਦੀ ਮੁਲਾਕਾਤ ਗੁਰੂ ਨਾਨਕ ਦੇਵ ਜੀ ਨਾਲ ਪਹਿਲੀ ਉਦਾਸੀ ਸਮੇਂ ਪਿੰਡ ਧੂਆਂ ਵਿਚ ਹੀ ਹੋਈ ਸੀ।

ਆਪ ਜੀ ਦੇ ਆਸਾ ਰਾਗ ਵਿਚ ਦੋ ਤੇ ਧਨਾਸਰੀ ਰਾਗ ਵਿਚ ਇਕ ਸ਼ਬਦ ਦਰਜ ਹੈ ਜਿਸ ਵਿਚ ਗ੍ਰਹਿਸਤ ਜੀਵਨ ਸੁਖੀ ਗੁਜਾਰਨ ਲਈ ਜਿਥੇ ਹੋਰ ਨਿਤ ਦੀਆਂ ਲੋੜਾਂ ਦਾ ਹੋਣਾ ਜ਼ਰੂਰੀ ਦੱਸੀਆਂ ਹਨ ਉਥੇ ਘਰ ਵਾਲੀ ਦਾ ਚੰਗਾ ਹੋਣਾ ਲਾਜ਼ਮੀ ਕਹਿਆ ਹੈ।

ਗੁਰੂ ਅਰਜਨ ਦੇਵ ਜੀ ਨੇ ਭਗਤ ਧੰਨਾ ਜੀ ਦੀ ਕਾਮਯਾਬੀ ਦਾ ਰਾਜ਼ ਚਤੁਰਾਈ ਛਡ 'ਸੇਵਿਆ ਬਾਲ ਬੁਧਿ' ਦਸਿਆ ਹੈ ਅਤੇ ਭਾਈ ਗੁਰਦਾਸ ਜੀ ਨੇ 'ਭੋਲਾ ਭਾਉ ਗੋਬਿੰਦ ਮਿਲਾਵੈ' ਦੀ ਗਵਾਹੀ ਭਰੀ ਹੈ।

ਜਿਥੇ ਭਗਤ ਧੰਨਾ ਜੱਟ ਹੋਣ ਨਾਤੇ ਵਾਹੀ ਕਰਦੇ ਸਨ ਸਦੀਆਂ ਗੁਜ਼ਰਨ ਬਾਅਦ ਅੱਜ ਵੀ ਲੋਕੀਂ ਉਸ ਖੇਤ ਨੂੰ 'ਧੰਨੇ ਭਗਤ ਕਾ ਖੇਤ' ਕਹਿ ਕੇ ਨਮਸਕਾਰ ਕਰਦੇ ਹਨ।

**ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।**

# ਕੀ ਭਾਰਤ ਰਾਵੀ ਦਰਿਆ ਦਾ ਰੁੱਖ ਮੋੜ ਸਕੇਗਾ?






**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਉਂਡੇਸ਼ਨ**
**ਚੰਡੀਗੜ੍ਹ**
**98155-40240**


ਦੂਸਰਾ ਵਿਸ਼ਵ ਯੁੱਧ ਸਤੰਬਰ 1945 ਵਿਚ ਖਤਮ ਉਪਰੰਤ ਇੰਗਲੈਂਡ ਨੇ ਤਬਾਹੀ ਦਾ ਮੰਜਰ ਦੇਖਿਆ ਅਤੇ ਬਰਤਾਨੀਆਂ ਸਾਮਰਾਜ ਦੀਆਂ ਨੀਹਾਂ ਹਿਲਣੀਆਂ ਸ਼ੁਰੂ ਹੋ ਗਈਆਂ ਸਨ। ਇਸੇ ਸੰਦਰਭ ਵਿਚ ਅੰਗਰੇਜ਼ਾਂ ਨੇ ਭਾਰਤ ਛੱਡਣ ਦੀ ਕਵਾਇਦ ਦੂਸਰੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਤੁਰੰਤ ਬਾਅਦ ਹੀ ਅੰਦਰ ਖਾਤੇ ਸ਼ੁਰੂ ਕਰ ਦਿੱਤੀ ਸੀ। ਭਾਰਤ ਜਾਂ ਪਾਕਿਸਤਾਨ ਦੀ ਬਦਕਿਸਮਤੀ ਇਹ ਰਹੀ ਕਿ ਭਾਰਤ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਪਾਕਿਸਤਾਨ ਤਰਫ਼ੋ ਮੁਹੰਮਦ ਅਲੀ ਜਿਨਾਹ ਆਪੋ ਆਪਣੇ ਦੇਸ਼ਾਂ ਦੇ ਮੁਖੀ ਬਣਨ ਲਈ ਇਤਨੇ ਉਤਾਵਲੇ ਸਨ ਕਿ 1947 ਈ. ਵਿਚ ਦੇਸ਼ ਦੀ ਵੰਡ ਵੇਲੇ ਬਹੁਤ ਸਾਰੇ ਮਸਲੇ ਅਣਸੁਲਝੇ ਹੀ ਰਹਿ ਗਏ, ਜਿਨ੍ਹਾਂ ਦਾ ਖਮਿਆਜ਼ਾ ਅੱਜ ਤੱਕ ਦੋਹਾਂ ਦੇਸ਼ਾਂ ਨੂੰ ਭੁਗਤਣਾ ਪੈ ਰਿਹਾ ਹੈ। ਭਾਰਤ-ਪਾਕਿ ਦੇ ਦੋ ਅਹਿਮ ਮਸਲੇ ਕਸ਼ਮੀਰ ਅਤੇ ਦਰਿਆਈ ਪਾਣੀਆਂ ਦੀ ਵੰਡ 1947 ਤੋਂ ਅੱਜ ਤੱਕ ਅਜਿਹੇ ਗੁੰਝਲਦਾਰ ਬਣ ਗਏ ਕਿ ਜਿਥੇ ਇਸ ਸਮੇਂ ਕਸ਼ਮੀਰ ਦੋਹਾਂ ਦੇਸ਼ਾਂ ਵਿਚ ਦੁਸ਼ਮਣੀ ਦਾ ਮੁੱਖ ਕਾਰਣ ਬਣਿਆ ਹੋਇਆ ਅਤੇ ਭਵਿੱਖ ਵਿਚ ਦਰਿਆਈ ਪਾਣੀਆਂ ਤੇ ਆਪੋ ਆਪਣਾ ਹੱਕ ਜਤਾਉਣ ਲਈ ਦੋਹਾਂ ਦੇਸ਼ਾਂ ਵਿਚ ਦੁਸ਼ਮਣੀ ਦਾ ਮੁੱਖ ਕਾਰਣ ਬਣੇਗਾ ਹੀ ਬਣੇਗਾ। ਭਾਰਤ ਬਹੁਤ ਵਿਸ਼ਾਲ ਦੇਸ਼ ਹੈ, ਪਰ ਵਿਸ਼ਵ ਦੀਆਂ ਨਜ਼ਰਾਂ ਵਿਚ ਇਸ ਦੀ ਰਾਜਨੀਤਕ ਇੱਛਾ ਸ਼ਕਤੀ ਬਹੁਤ ਕਮਜ਼ੋਰ ਰਹੀ ਹੈ। ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਵਿਸ਼ਵ ਦੀਆਂ ਮਹਾਨ ਤਾਕਤਾਂ ਅੱਗੇ ਟਿਕ ਨਹੀਂ ਸਕੇ ਅਤੇ ਅਜਿਹੇ ਕਾਰਣਾਂ ਕਰਕੇ ਹੀ ਅੱਜ ਤੱਕ ਦੇਸ਼ ਦਾ ਬਹੁਤ ਹੀ ਅਹਿਮ ਮਸਲਾ ਭਾਰਤ-ਪਾਕਿ ਵਿਚ ਦਰਿਆਈ ਪਾਣੀਆਂ ਦੇ ਹੱਕ ਸਬੰਧੀ ਸਿੰਧੂ-ਜਲ ਸਮਝੌਤੇ (Indus-Water Treaty) ਨੂੰ ਚੁਣੌਤੀ ਨਹੀਂ ਦੇ ਸਕੇ। ਆਉ ਪਹਿਲਾਂ ਮੋਟੇ ਤੌਰ 'ਤੇ ਜਾਣੀਏ ਕਿ ਸਿੰਧੂ-ਜਲ ਸਮਝੌਤਾ (Indus-Water Treaty) ਕੀ ਹੈ?

1947 ਵਿਚ ਦੇਸ਼ ਦੀ ਵੰਡ ਤੋਂ ਬਾਅਦ ਭਾਰਤ-ਪਾਕਿ ਵਿਚ ਛੇਵੇਂ ਦਰਿਆਵਾਂ ਸਿੰਧੂ, ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਦੇ ਹੱਕ ਅਤੇ ਵੰਡ ਸਬੰਧੀ ਮਸਲਾ ਬਹੁਤ ਗੁੰਝਲਦਾਰ ਬਣ ਗਿਆ। ਇਹਨਾਂ ਵਿਚੋਂ ਸਿੰਧੂ ਨਦੀ ਜਿਸ ਦੀ ਲੰਬਾਈ ਤਕਰੀਬਨ 2900 ਕਿਲੋਮੀਟਰ ਅਤੇ ਇਸ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਨਦੀ ਵੀ ਕਿਹਾ ਜਾਂਦਾ ਹੈ, ਦੇ ਵਿਸ਼ਾਲ ਦਾਇਰੇ ਅੰਦਰ ਬਾਕੀ ਪੰਜੇ ਦਰਿਆ ਜੇਹਲਮ, ਚਨਾਬ, ਰਾਵੀ, ਬਿਆਸ ਅਤੇ ਸਤਲੁਜ ਇਕ-ਇਕ ਕਰਕੇ ਸਮਾ ਜਾਂਦੇ ਹਨ। ਅਖੀਰ ਸਿੰਧੂ ਨਦੀ ਸਾਰਿਆਂ ਦਰਿਆਵਾਂ ਨੂੰ ਆਪਣੇ ਅੰਦਰ ਸਮੇਟਦੀ ਹੋਈ ਪਾਕਿ ਦੇ ਕਰਾਚੀ ਸ਼ਹਿਰ ਦੇ ਨਜ਼ਦੀਕ ਮਿਠਾਨਕੋਟ ਵਿਖੇ ਅਰਬ ਸਾਗਰ ਵਿਚ ਸ਼ਾਮਲ ਹੋ ਜਾਂਦੀ ਹੈ। ਇਸੇ ਕਰਕੇ ਸਾਰੇ ਦਰਿਆਵਾਂ ਨੂੰ ਮਿਲਾ ਕੇ ਇਸ ਦੀ ਭਾਰਤ-ਪਾਕਿ ਵਿਚ ਪਾਣੀਆਂ ਦੇ ਹੱਕ ਅਤੇ ਵੰਡ ਸਬੰਧੀ ਜੋ ਸਮਝੌਤਾ ਸਤੰਬਰ 9, 1960 ਈ. ਨੂੰ ਕਰਾਚੀ ਵਿਖੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ, ਪਾਕਿ ਰਾਸ਼ਟਰਪਤੀ ਅਯੂਬ-ਖਾਨ ਅਤੇ ਵਿਸ਼ਵ ਬੈਂਕ ਦੀ ਵਿਚੋਲਗੀ ਵਿਚਕਾਰ ਹੋਇਆ, ਉਸ ਨੂੰ ਸਿੰਧੂ ਜਲ-ਸਮਝੌਤਾ (Indus-Water Treaty) ਕਿਹਾ ਜਾਂਦਾ ਹੈ। ਵਿਸ਼ਵ ਬੈਂਕ ਦੀ ਟੀਮ ਵੱਲੋਂ ਇਹਨਾਂ ਛੇਵੇਂ ਦਰਿਆਵਾਂ ਨੂੰ ਦਿਸ਼ਾਵਾਂ ਅਨੁਸਾਰ ਵੰਡਿਆ ਗਿਆ ਮਸਲਨ ਪੱਛਮੀ ਦਰਿਆਵਾਂ ਅਧੀਨ ਸਿੰਧੂ, ਜੇਹਲਮ, ਚਨਾਬ ਅਤੇ

ਪੂਰਬੀ ਦਰਿਆਵਾਂ ਅਧੀਨ ਰਾਵੀ, ਬਿਆਸ ਅਤੇ ਸਤਲੁਜ ਲਏ ਗਏ। ਵੰਡ ਤੋਂ ਪਹਿਲਾਂ ਪਾਕਿਸਤਾਨ ਖੇਤਰ ਵਿਚ ਰਾਵੀ, ਬਿਆਸ ਅਤੇ ਸਤਲੁਜ ਦਰਿਆਵਾਂ ਦੇ ਪਾਣੀਆਂ ਨੂੰ ਸਿੰਚਾਈ ਲਈ ਵਰਤਿਆ ਜਾਂਦਾ ਸੀ। ਸਿੰਧੂ, ਜੇਹਲਮ ਅਤੇ ਚਨਾਬ ਦਰਿਆਵਾਂ 'ਤੇ ਉਸ ਸਮੇਂ ਕੋਈ ਡੈਮ ਆਦਿ ਨਾ ਹੋਣ ਕਰਕੇ ਇਹਨਾਂ ਦਰਿਆਵਾਂ ਦਾ ਪਾਣੀ ਅਣਵਰਤਿਆ ਹੀ ਅਰਬ ਸਾਗਰ ਵਿਚ ਜਾ ਮਿਲਦਾ ਸੀ। ਪਾਕਿਸਤਾਨ ਨੂੰ ਸਭ ਤੋਂ ਵੱਡਾ ਖਦਸ਼ਾ ਸੀ ਕਿ ਭਾਰਤ ਨੇ ਅਗਰ ਇਹਨਾਂ ਦਰਿਆਵਾਂ ਦੇ ਪਾਣੀਆਂ ਦੇ ਵਹਾਅ ਦਾ ਰੁਖ ਰੋਕ ਜਾਂ ਮੋੜ ਲਿਆ ਤਾਂ ਪਾਕਿਸਤਾਨ ਅੰਦਰ ਸਿੰਚਾਈ ਦਾ ਕੋਈ ਹੋਰ ਸਾਧਨ ਨਾ ਹੋਣ ਕਰਕੇ ਪੱਛਮੀ ਪੰਜਾਬ ਸੋਕਾਗ੍ਰਸਤ ਹੋ ਜਾਏਗਾ। ਪਾਕਿਸਤਾਨ ਨੂੰ ਇਹ ਵੀ ਖਦਸ਼ਾ ਸੀ ਕਿ ਜੇਹਲਮ, ਚਨਾਬ ਅਤੇ ਰਾਵੀ ਦਰਿਆ ਮੁੱਖ ਤੌਰ 'ਤੇ ਜੰਮੂ ਕਸ਼ਮੀਰ ਦੇ ਪੂਰੇ ਖੇਤਰ ਵਿਚ ਨਿਕਲ ਕੇ ਹੇਠਾਂ ਵੱਲ ਪਾਕਿਸਤਾਨ ਅੰਦਰ ਦਾਖਲ ਹੁੰਦੇ ਹਨ ਅਤੇ ਇਹਨਾਂ ਦਰਿਆਵਾਂ ਦੇ ਉਪਰਲੇ ਹਿੱਸਿਆਂ ਵਿਚ ਅਗਰ ਭਾਰਤ ਕੋਈ ਡੈਮ ਬਣਾ ਕੇ ਪਾਣੀਆਂ ਦੇ ਵਹਾਅ ਨੂੰ ਘੱਟ ਕਰ ਸਕੇਗਾ ਤਾਂ ਪਾਕਿਸਤਾਨ ਨੂੰ ਬਹੁਤ ਨੁਕਸਾਨ ਝੱਲਣਾ ਪਵੇਗਾ। ਪਾਕਿਸਤਾਨ ਦੀ ਇਹ ਖੁਸ਼ਕਿਸਮਤੀ ਰਹੀ ਕਿ ਭਾਰਤ ਨੇ ਜੰਮੂ-ਕਸ਼ਮੀਰ ਅੰਦਰਲੇ ਵਹਿੰਦੇ ਜੇਹਲਮ, ਚਨਾਬ ਅਤੇ ਰਾਵੀ ਦੇ ਵਹਾਆਂ ਨੂੰ ਰੋਕਣ ਜਾਂ ਮੋੜਣ ਦੀ ਕੋਈ ਵੱਡੀ ਤਜਵੀਜ਼ ਅੱਜ ਤੱਕ ਬਣਾਈ ਹੀ ਨਹੀਂ। ਸਿੰਧੂ ਨਦੀ ਦਾ ਪਾਕਿਸਤਾਨ ਨੂੰ ਕੋਈ ਖ਼ਤਰਾ ਨਹੀਂ ਕਿਉਂਕਿ ਇਹ ਕਦੀ ਚੀਨ ਅਧੀਨ ਪੈਂਦੇ ਤਿੱਬਤ ਕੈਲਾਸ਼ ਪਰਬਤ ਤੋਂ ਨਿਕਲਦੀ ਹੈ ਅਤੇ ਭਾਰਤ ਦੇ ਲੱਦਾਖ ਹਿੱਸੇ ਵਿਚੋਂ ਗੁਜ਼ਰਦੀ ਹੋਈ ਪਾਕਿਸਤਾਨ ਦੇ ਕਬਜ਼ੇ ਅਧੀਨ (Pok) ਗਿਲਗਿਟ, ਅਟਕ ਤੋਂ ਹੁੰਦੀ ਕਰਾਚੀ ਕੋਲ ਅਰਬ ਸਾਗਰ ਵਿਚ ਸ਼ਾਮਲ ਹੋ ਜਾਂਦੀ ਹੈ ਅਤੇ ਇਹ ਨਦੀ ਪਾਕਿਸਤਾਨ ਲਈ ਵਰਦਾਨ ਸਾਬਿਤ ਹੋਈ ਹੈ। ਸਿੰਧੂ ਜਲ ਸਮਝੌਤੇ (Indus-Water Treaty) ਅਧੀਨ ਪਾਕਿਸਤਾਨ ਨੂੰ ਦੱਸ ਸਾਲ ਦਾ ਸਮਾਂ ਦਿੱਤਾ ਗਿਆ ਤਾਂ ਕਿ ਇਸ ਸਮੇਂ ਦੌਰਾਨ ਪਾਕਿਸਤਾਨ ਪੱਛਮੀ ਦਰਿਆਵਾਂ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀਆਂ ਨੂੰ ਵਰਤਣ ਲਈ ਸਿੰਚਾਈ ਸਿਸਟਮ ਬਣਾ ਸਕੇ ਅਤੇ ਇਸ ਦੱਸ ਸਾਲ ਦੇ ਸਮੇਂ ਮਸਲਨ 1970 ਈ. ਤੱਕ ਪੂਰਬੀ ਦਰਿਆਵਾਂ ਰਾਵੀ, ਸਤਲੁਜ, ਬਿਆਸ ਦਾ ਪਾਣੀ ਭਾਰਤ ਪਾਕਿਸਤਾਨ ਨੂੰ ਮੁਹੱਈਆ ਕਰਵਾਉਂਦਾ ਰਹੇਗਾ। ਵਿਸ਼ਵ ਬੈਂਕ ਵੱਲੋਂ ਪਾਕਿਸਤਾਨ ਨੂੰ ਇਸ ਦੱਸ ਸਾਲ ਦੇ 1960 ਤੋਂ 1970 ਈ. ਤੱਕ ਸਮੇਂ ਦੌਰਾਨ ਸਿੰਚਾਈ ਸਿਸਟਮ ਬਣਾਉਣ ਲਈ ਵੱਡੀ ਰਾਸ਼ੀ ਵਿਚ ਗ੍ਰਾਂਟ ਅਤੇ ਕਰਜ਼ਾ ਦਿੱਤਾ ਗਿਆ। ਵਿਸ਼ਵ ਬੈਂਕ ਵੱਲੋਂ ਸਿੰਧੂ ਜਲ ਸਮਝੌਤੇ (Indus-Water Treaty) ਅਧੀਨ ਕਈ ਦੇਸ਼ਾਂ ਆਸਟ੍ਰੇਲੀਆ, ਕੈਨੇਡਾ, ਜਰਮਨੀ, ਨਿਊਜ਼ੀਲੈਂਡ, ਬਰਤਾਨੀਆ ਅਤੇ ਅਮਰੀਕਾ ਵੱਲੋਂ 1960 ਈ. ਵਿਚ ਕਰੋੜਾਂ ਡਾਲਰਾਂ ਦੀ ਗ੍ਰਾਂਟ ਅਤੇ ਕਰਜ਼ਾ ਪਾਕਿਸਤਾਨ ਨੂੰ ਦਿੱਤਾ ਗਿਆ। ਸਭ ਤੋਂ ਹੈਰਾਨੀਜਨਕ ਤੱਥ ਇਹ ਹੈ ਜਿਥੇ ਭਾਰਤ ਨੇ ਪਾਕਿਸਤਾਨ ਨੂੰ 1960 ਤੋਂ 31 ਮਾਰਚ 1970 ਈ. ਤੱਕ ਦੱਸ ਸਾਲਾਂ ਲਈ ਆਪਣੇ ਦਰਿਆਵਾਂ ਰਾਵੀ, ਬਿਆਸ ਅਤੇ ਸਤਲੁਜ ਦਾ ਪਾਣੀ ਦੇਣਾ ਮੰਨ ਲਿਆ, ਉਥੇ ਨਾਲ ਹੀ ਉਸ ਸਮੇਂ 6.20 ਕਰੋੜ ਪੌਂਡ ਦੀ ਗ੍ਰਾਂਟ ਵੀ ਵਿਸ਼ਵ ਬੈਂਕ ਅਧੀਨ ਪਾਕਿਸਤਾਨ ਨੂੰ ਦਿੱਤੀ। ਪਾਕਿਸਤਾਨ ਨੇ ਇਸ ਅਥਾਹ ਰਾਸ਼ੀ ਦਾ ਇਸਤੇਮਾਲ ਕਰਕੇ ਆਪਣੇ ਪੱਛਮੀ ਦਰਿਆਵਾਂ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀ ਨੂੰ ਵਰਤਣ ਲਈ ਵੱਡਾ ਸਿੰਚਾਈ ਸਿਸਟਮ ਬਣਾ ਲਿਆ। 1960 ਤੋਂ ਬਾਅਦ ਵਿਸ਼ਵ ਬੈਂਕ ਨੇ ਫਿਰ ਚਾਰ ਸਾਲ ਲਈ 1964 ਤੱਕ ਪਾਕਿਸਤਾਨ ਨੂੰ ਸਮਝੌਤੇ ਅਧੀਨ ਕਈ ਦੇਸ਼ਾਂ ਤੋਂ ਕਰੋੜਾਂ ਡਾਲਰਾਂ ਦੀ ਗ੍ਰਾਂਟ ਦਿੱਤੀ ਤਾਂਕਿ ਪਾਕਿਸਤਾਨ ਆਪਣਾ ਸਿੰਚਾਈ ਦਾ ਸਿਸਟਮ ਪੂਰਾ ਕਰ ਸਕੇ। ਸਿੰਧੂ-ਜਲ ਸਮਝੌਤੇ ਅਧੀਨ 1960 ਤੇ 1970 ਈ. ਤੱਕ ਦਰਿਆਵਾਂ ਦਾ ਪਾਣੀ ਵਰਤਣ ਉਪਰੰਤ 1970 ਈ. ਤੋਂ ਪੂਰਬੀ ਦਰਿਆਵਾਂ ਰਾਵੀ, ਬਿਆਸ, ਸਤਲੁਜ ਦੇ ਪਾਣੀਆਂ ਤੇ ਭਾਰਤ ਦਾ ਪੂਰਨ ਰੂਪ ਵਿਚ ਹੱਕ ਹੋ ਜਾਵੇਗਾ। ਉਪਰੋਕਤ ਸਭ ਕੁਝ ਤਫਸੀਲ ਵਿਚ ਲਿਖਣ ਦਾ ਮਤਲਬ ਸਿਰਫ਼ ਪਾਠਕਾਂ ਨੂੰ ਇਹੋ ਜਾਣਕਾਰੀ ਦੇਣਾ ਹੈ ਕਿ 31 ਮਾਰਚ 1970 ਈ. ਤੋਂ ਬਾਅਦ ਭਾਰਤ ਦਾ ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀਆਂ ਤੇ ਪੂਰਨ ਹੱਕ ਹੋ ਗਿਆ ਸੀ ਕਿ ਭਾਰਤ ਇਸ ਦੇ ਪਾਣੀਆਂ ਨੂੰ ਜਿਵੇਂ ਚਾਹੇ ਵਰਤ ਸਕਦਾ ਸੀ।

ਇਸ ਵੇਲੇ ਪੰਜਾਬ ਅਤੇ ਹਰਿਆਣਾ ਪ੍ਰਾਂਤਾਂ ਅੰਦਰ ਦਰਿਆਈ ਪਾਣੀਆਂ ਦੀ ਵੰਡ ਨੂੰ ਲੈ ਕੇ ਸਤਲੁਜ-ਯਮਨਾ ਲਿੰਕ ਉਸਾਰੀ ਦਾ ਮੁੱਦਾ ਭਖਿਆ ਹੋਇਆ ਹੈ। ਇਹ ਮਸਲਾ 6 ਅਪ੍ਰੈਲ 1982 ਨੂੰ ਜਦ ਉਸ ਵੇਲੇ ਦੀ ਪ੍ਰਧਾਨ ਮੰਤਰੀ ਮਰਹੂਮ ਇੰਦਰਾ ਗਾਂਧੀ ਨੇ ਇਸ ਲਿੰਕ ਨਹਿਰ ਦੀ ਖੁਦਾਈ ਦਾ ਕੰਮ ਪਟਿਆਲਾ ਜ਼ਿਲ੍ਹੇ ਦੇ ਕਪੂਰੀ ਪਿੰਡ ਵਿਖੇ ਉਦਘਾਟਨ ਕੀਤਾ, ਜੋ ਅੱਜ ਤੱਕ ਪੰਜਾਬ ਲਈ ਨਾਸੂਰ ਬਣਿਆ ਪਿਆ ਹੈ।

1966 ਈ. ਵਿਚ ਪੰਜਾਬ ਦੇ ਪੁਨਰਗਠਨ ਹੋਣ ਤੇ ਹਰਿਆਣਾ ਪ੍ਰਾਂਤ ਹੋਂਦ ਵਿਚ ਆਉਣ ਸਮੇਂ ਤੋਂ ਹੀ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਸਮੇਂ-ਸਮੇਂ ਸਿਰ ਕੇਂਦਰ ਅਤੇ ਪ੍ਰਾਂਤਾਂ ਦੀ ਸਰਕਾਰਾਂ ਵੱਲੋਂ ਕੋਈ ਆਪਸੀ ਸਹਿਮਤੀ ਵਾਲਾ ਠੋਸ ਹੱਲ ਨਹੀਂ ਨਿਕਲ ਸਕਿਆ। ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੀ ਫੇਰੀ ਦੌਰਾਨ ਰਾਵੀ ਦਰਿਆ ਦਾ ਜ਼ਿਕਰ ਕਰਦਿਆਂ ਕਿਹਾ ਸੀ ਭਾਰਤ ਰਾਵੀ ਦੇ ਪਾਣੀ ਦਾ ਵਹਾਅ ਪਾਕਿਸਤਾਨ ਵੱਲ ਜਾਣ ਤੋਂ ਰੋਕੇਗਾ। ਪ੍ਰਧਾਨ ਮੰਤਰੀ ਅਗਰ ਰਾਵੀ ਦੇ ਵਹਾਅ ਦਾ ਰੁਖ ਮੋੜ ਕੇ ਪੰਜਾਬ ਵੱਲ ਕਰਨ ਦਾ ਠੋਸ ਉਪਰਾਲਾ ਕਰਨ ਤਾਂ ਨਿਰਸੰਦੇਹ ਇਹ ਇਕ ਇਤਿਹਾਸਕ ਪ੍ਰਾਪਤੀ ਹੋਵੇਗੀ, ਲੇਕਿਨ ਅੱਜ ਤੱਕ ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਰਾਵੀ ਦਰਿਆ ਹਿਮਾਚਲ ਪ੍ਰਦੇਸ਼ ਦੇ ਚੰਬਾ ਜ਼ਿਲ੍ਹੇ ਤੋਂ ਨਿਕਲਦਾ ਹੈ ਅਤੇ ਡਲਹੋਜ਼ੀ ਦੇ ਨਾਲ ਹੁੰਦਾ ਹੋਇਆ ਥੋੜ੍ਹਾ ਜਿਹਾ ਜੰਮੂ-ਕਸ਼ਮੀਰ ਵਿਚੋਂ ਲੰਘਦਾ ਹੋਇਆ ਪਠਾਨਕੋਟ ਨੇੜੇ ਮਾਧੋਪੁਰ ਹੈਡਵਰਕਸ ਤੋਂ ਬਾਅਦ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਦੇ ਨਜ਼ਦੀਕ ਪਾਕਿਸਤਾਨ ਵਿਚ ਚਲਾ ਜਾਂਦਾ ਹੈ। ਇਸ ਵੇਲੇ ਸਤਲੁਜ-ਯਮੁਨਾ ਲਿੰਕ ਨਹਿਰ ਦੇ ਸਬੰਧੀ ਪੰਜਾਬ ਅਤੇ ਹਰਿਆਣਾ ਵਿਚ ਪੂਰੀ ਕੁੜੱਤਣ ਪੈਦਾ ਹੋਈ ਹੈ। ਇਸ ਦਾ ਇਕੋ ਇਕ ਹੱਲ ਸੰਭਵ ਹੋ ਸਕਦਾ ਹੈ ਅਗਰ ਭਾਰਤ ਰਾਵੀ ਦੇ ਪਾਣੀਆਂ ਦਾ ਰੁਖ ਮੋੜ ਸਕੇ ਅਤੇ ਇਸ ਸਬੰਧੀ ਅੰਤਰਰਾਸ਼ਟਰੀ ਪੱਧਰ ਤੇ ਪੈਣ ਵਾਲੇ ਜ਼ੋਰ ਨੂੰ ਝੱਲਣ ਦੀ ਸਮਰੱਥਾ ਰੱਖ ਸਕੇ। ਦਰਿਆਵਾਂ ਦੇ ਰੁਖ ਮੋੜਨਾ ਕੋਈ ਸੁਖਾਲਾ ਕੰਮ ਨਹੀਂ ਪਰ ਅਗਰ ਕਿਸੇ ਦੇਸ਼ ਦੇ ਮੁਖੀ ਅੰਦਰ ਰਾਜਨੀਤਕ ਇੱਛਾ ਸ਼ਕਤੀ ਹੈ ਤਾਂ ਸਭ ਕੁਝ ਸੰਭਵ ਹੋ ਸਕਦਾ ਹੈ। ਪੰਜਾਬ ਅਤੇ ਹਰਿਆਣਾ ਪ੍ਰਾਂਤਾਂ ਦੀ ਲੀਡਰਸ਼ਿਪ ਨੂੰ ਸਤਲੁਜ-ਯਮੁਨਾ ਲਿੰਕ ਨਹਿਰ ਵਿਚ ਉਲਝਣ ਦੀ ਬਜਾਏ ਕੇਂਦਰ ਤੇ ਦਬਾਅ ਪਾਉਣਾ ਚਾਹੀਦਾ ਹੈ ਕਿ ਰਾਵੀ ਦੇ ਪਾਣੀਆਂ ਦੇ ਰੁਖ ਨੂੰ ਪੰਜਾਬ ਵੱਲ ਮੋੜੇ ਅਤੇ ਮਿਲ ਬੈਠ ਕੇ ਇਸ ਮਸਲੇ ਦਾ ਹੱਲ ਕੱਢਿਆ ਜਾਵੇ। ਆਮੀਨ!

**ਲੇਖਕ ਦੀ 1995 ਵਿਚ ਛਪੀ ਪੁਸਤਕ**
**'ਪੰਜਾਬ ਦੇ ਪਾਣੀਆਂ ਦੀ ਦਾਸਤਾਨ'**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

4. **ਪ੍ਰੋਫੈਸਰ ਕਾਲੋਨੀ ਕਪੂਰਥਲਾ ਵਿਖੇ ਪਲਾਟ ਖਰੀਦ ਲਿਆ :** ਗੌਰਮਿੰਟ ਕਾਲਜ ਕਪੂਰਥਲਾ ਸਟਾਫ ਹਾਊਸ ਬਿਲਡਿੰਗ ਸੁਸਾਇਟੀ ਵੱਲੋਂ ਮੈਨੂੰ ਅਲਾਟ ਹੋਣ ਵਾਲਾ 20 ਮਰਲੇ ਦਾ ਪਲਾਟ ਨੰ: 38 ਮੈਂ ਆਪਣੇ ਸਿੱਖ ਨੈਸ਼ਨਲ ਕਾਲਜ, ਲਾਹੌਰ ਦੇ ਪੁਰਾਣੇ ਮਿੱਤਰ ਪ੍ਰੋ. ਦਰਸ਼ਨ ਸਿੰਘ ਵਾਸੀ ਚੰਡੀਗੜ੍ਹ ਨੂੰ ਲੈ ਦਿੱਤਾ ਸੀ। ਮੈਂ ਹੀ ਇਸ ਪਲਾਟ ਦਾ ਉਸ ਵੱਲੋਂ ਮੁਖਤਾਰ ਆਮ ਸੀ। ਬਰਾਦਰੀ ਦਾ ਕਮਿਊਨਿਟੀ ਵੈਲਫੇਅਰ ਸੈਂਟਰ ਸਥਾਪਿਤ ਕਰਨ ਲਈ ਪ੍ਰਿੰ. ਸਰਵਨ ਸਿੰਘ, ਲਖਬੀਰ ਸਿੰਘ ਐਡਵੋਕੇਟ ਅਤੇ ਪ੍ਰੋ. ਰਾਜਿੰਦਰ ਸਿੰਘ ਰਾਹੀਂ ਇਹ ਪਲਾਟ ਮਿਤੀ 3.1.1992 ਨੂੰ ਲੁਬਾਣਾ ਵੈਲਫੇਅਰ ਟਰੱਸਟ, 1, ਅਮਨ ਨਗਰ, ਕਪੂਰਥਲਾ ਨੇ ਖਰੀਦ ਲਿਆ। ਜਿਸ ਤੇ 1,34,778/- ਰੁਪਏ ਖਰਚ ਹੋਏ।

5. **ਹਮੀਰਾ ਰੋਡ ਤੇ 2 ਕਨਾਲ ਦੇ ਪਲਾਟ ਦੀ ਰਜਿਸਟਰੀ ਕਰਵਾਈ ਗਈ :** ਪ੍ਰੋਫੈਸਰਜ਼ ਕਾਲੋਨੀ ਕਪੂਰਥਲਾ ਵਿਚਲੇ ਪਲਾਟ ਨੰ : 38 ਖਰੀਦਣ ਤੋਂ ਬਾਅਦ ਇਸ ਤੇ ਭਵਨ ਨਿਰਮਾਨ ਬਾਬਤ ਸੋਚ ਵਿਚਾਰ ਹੋਣ ਲੱਗ ਪਈ। ਇਸ ਦੇ ਨਾਲ-ਨਾਲ ਪਲਾਟ ਦੇ ਇਕ ਕਨਾਲ ਦੇ ਸਾਈਜ਼ ਦੇ ਛੋਟਾ ਹੋਣ ਬਾਰੇ ਵੀ ਗੱਲਾਂ ਹੋਣ ਲੱਗ ਪਈਆਂ। ਕਈ ਇਕ ਮੀਟਿੰਗਾਂ ਤੋਂ ਬਾਅਦ ਇਹ ਫੈਸਲਾ ਹੋਇਆ ਕਿ ਇਹ ਪਲਾਟ ਵੇਚ ਕੇ ਇਸ ਤੋਂ ਵੱਡਾ ਪਲਾਟ ਕਿਸੇ ਹੋਰ ਯੋਗ ਸਥਾਨ ਤੇ ਲਿਆ ਜਾਵੇ। ਆਖਿਰ ਮਿਤੀ 26.11.1998 ਨੂੰ ਪ੍ਰੋਫੈਸਰਜ਼ ਕਾਲੋਨੀ ਵਾਲਾ ਪਲਾਟ ਨੰ: 38 ਮਬਲਗ 10,41,310 ਰੁਪਏ ਵਿਚ ਵੇਚ ਦਿੱਤਾ ਗਿਆ ਅਤੇ ਇਕ ਦੋ ਕਨਾਲ ਦਾ ਪਲਾਟ ਨਿਊ ਗੁਰੂ ਨਾਨਕ ਨਗਰ, ਹਮੀਰਾ ਰੋਡ ਕਪੂਰਥਲਾ ਵਿਖੇ ਖਰੀਦ ਲਿਆ ਗਿਆ। ਇਸ ਦੀ ਰਜਿਸਟਰੀ ਮਿਤੀ 27.11.1998 ਨੂੰ ਲੁਬਾਣਾ ਵੈਲਫੇਅਰ ਟਰੱਸਟ (ਰਜਿ.) 1, ਅਮਨ ਨਗਰ, ਕਪੂਰਥਲਾ ਦੇ ਨਾਮ ਰਾਹੀਂ ਪ੍ਰਿੰਸੀਪਲ ਵਰਿਆਮ ਸਿੰਘ 1, ਅਮਨ ਨਗਰ, ਕਪੂਰਥਲਾ, ਲਖਬੀਰ ਸਿੰਘ ਐਡਵੋਕੇਟ, ਸ਼ਾਂਤੀ ਨਗਰ ਕਪੂਰਥਲਾ ਅਤੇ ਮਾਨ ਸਿੰਘ ਇੰਸਪੈਕਟਰ, ਨਿਊ ਮਾਡਲ ਟਾਊਨ ਕਪੂਰਥਲਾ ਕਰਵਾ ਦਿੱਤੀ ਗਈ। ਇਸ ਪਲਾਟ ਦੀ ਖਰੀਦ ਤੇ 9.59,500 ਰੁਪਏ ਖਰਚ ਹੋਏ। ਇਸ ਤਰ੍ਹਾਂ ਇਸ ਸੌਦੇ ਵਿੱਚ ਇਕ ਤਾਂ ਨਵੇਂ ਪਲਾਟ ਦਾ ਸਾਈਜ਼ ਪਹਿਲੇ ਨਾਲੋਂ ਦੁਗਣਾ ਹੋ ਗਿਆ ਅਤੇ ਦੂਜਾ 81810 ਰੁਪਏ ਦੀ ਬੱਚਤ ਵੀ ਹੋ ਗਈ।

6. **ਪ੍ਰਬੰਧਕੀ ਦਫਤਰ ਅਤੇ ਚਾਰਦੀਵਾਰੀ ਦਾ ਨਿਰਮਾਨ :** ਨਿਯੂ ਗੁਰੂ ਨਾਨਕ ਨਗਰ, ਹਮੀਰਾ ਰੋਡ, ਕਪੂਰਥਲਾ ਵਿਖੇ ਸਥਿਤ ਪਲਾਟ ਦੀ ਨਿਸ਼ਾਨਦੇਹੀ ਲੈਣ ਉਪਰੰਤ ਇਸ ਤੇ ਕੋਈ ਉਸਾਰੀ ਕਰਨ ਦਾ ਨਿਰਨਾਂ ਲਿਆ ਗਿਆ। ਉਸਾਰੀ ਲਈ ਜ਼ਰੂਰੀ ਪ੍ਰਬੰਧ ਕਰਨ ਤੋਂ ਬਾਅਦ ਮਿਤੀ 27.12.2001 ਨੂੰ ਅਰਦਾਸ ਕੀਤੀ ਗਈ ਅਤੇ ਦਾਸ ਵੱਲੋਂ ਪੰਜ ਪਿਆਰਿਆਂ ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ, ਪ੍ਰਿੰ. ਸੰਪੂਰਨ ਸਿੰਘ, ਕਰਨਲ ਮਾਨ ਸਿੰਘ, ਕਰਨਲ ਜੀ.ਬੀ. ਸਿੰਘ ਅਤੇ ਇੰਸਪੈਕਟਰ ਬੇਅੰਤ ਸਿੰਘ ਨਾਲ ਮਿਲ ਕੇ ਭਵਨ ਉਸਾਰੀ ਦਾ ਨੀਂਹ ਪੱਥਰ ਰੱਖਿਆ ਗਿਆ। ਪ੍ਰਬੰਧਕੀ ਦਫਤਰ ਅਤੇ ਚਾਰ-ਦੀਵਾਰੀ ਦੀ ਉਸਾਰੀ ਦਾ ਕੰਮ 7.2.2002 ਨੂੰ ਪੂਰਾ ਹੋ ਗਿਆ। ਉਸਾਰੀ ਲਈ ਕਮੇਟੀ ਵੀ ਬਣੀ ਸੀ ਜਿਸ ਦੇ ਕਨਵੀਨਰ ਕਰਨਲ ਮਾਨ ਸਿੰਘ ਸਨ, ਪਰ ਇਕ ਦੋ ਸਜਣਾਂ ਤੋਂ ਬਿਨਾਂ ਕੋਈ ਨਾ ਆਇਆ ਅਤੇ ਅਤਿ ਦੇ ਠੰਡੇ ਮੌਸਮ ਦੌਰਾਨ ਮੈਨੂੰ ਇਕੱਲੇ ਨੂੰ ਹੀ ਇਹ ਕੰਮ ਨੇਪਰੇ ਚਾੜ੍ਹਨਾ ਪਿਆ। ਇਸ ਵਿੱਚ ਦੋ ਕਮਰੇ 16×12 ਫੁੱਟ, 12×10 ਫੁੱਟ ਦੇ, ਨਾਲ ਲਗਦੇ ਬਾਥਰੂਮ ਅਤੇ ਸੁੰਦਰ ਚਾਰਦੀਵਾਰੀ, ਗੇਟ ਸੁਮੇਤ ਬਣ ਕੇ ਤਿਆਰ ਹੋ ਗਏ ਜਿਸ ਤੇ 2,00,386 ਰੁਪਏ ਖਰਚ ਹੋਏ। ਇਸ ਕੰਮ ਦੇ ਪੂਰਾ ਹੋਣ ਤੋਂ ਬਾਅਦ ਪਹਿਲਾਂ ਲੈ ਗਏ ਫੈਸਲੇ ਅਨੁਸਾਰ ਇਸ ਪਲਾਟ ਤੇ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਦੇ ਨਿਰਮਾਨ ਦੀ ਯੋਜਨਾ ਬਣਾਈ ਜਾਣੀ ਸੀ।

7. **ਸ਼ਹੀਦੀ ਗੁਰਪੁਰਬ :** ਇਸ ਦੌਰਾਨ ਲਗਭਗ 25 ਸਾਲ ਤੱਕ ਪਹਿਲਾਂ ਬਤੌਰ ਕਨਵੀਨਰ ਅਤੇ ਫਿਰ ਪ੍ਰਧਾਨ ਦੇ ਤੌਰ 'ਤੇ ਨਿਭਾਈ ਗਈ ਸੇਵਾ ਅਤੇ 82 ਸਾਲ ਦੀ ਉਮਰ ਹੋਣ ਤੇ ਮੈਂ ਕੁਝ ਥੱਕਿਆ ਥੱਕਿਆ ਅਨੁਭਵ ਕਰਨ ਲੱਗ ਪਿਆ ਸਾਂ ਤੇ ਇਸ ਸੰਸਥਾ ਦੀ ਨੱਸ ਭੱਜ ਦੀ ਸੇਵਾ ਤੋਂ ਸੇਵਾ ਮੁਕਤ ਹੋਣਾ ਚਾਹੁੰਦਾ ਸਾਂ। ਇਸ ਮੰਤਵ ਲਈ 20.05.2007 ਨੂੰ ਨਵੀਂ ਮੈਨੇਜਿੰਗ ਕਮੇਟੀ ਦੀ ਚੋਣ ਲਈ ਗਵਰਨਿੰਗ ਬਾਡੀ ਦੀ ਮੀਟਿੰਗ ਬੁਲਾਈ ਗਈ ਅਤੇ ਨਵੀਂ ਕਮੇਟੀ ਦੀ ਚੋਣ ਹੋ ਗਈ ਜਿਸ ਵਿੱਚ ਕਰਨਲ ਜੀ.ਬੀ. ਸਿੰਘ ਪ੍ਰਧਾਨ, ਪ੍ਰਿੰ. ਸੰਪੂਰਨ ਸਿੰਘ ਜਨਰਲ ਸੈਕਟਰੀ ਅਤੇ ਸਰੂਪ ਸਿੰਘ ਏ.ਆਰ. ਵਿੱਤ ਸਕੱਤਰ ਬਣ ਗਏ।

ਨਵੀਂ ਬਣੀ ਕਮੇਟੀ ਨੇ ਲੁਬਾਣਾ ਵੈਲਫੇਅਰ ਟਰੱਸਟ ਵੱਲੋਂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਮਿਤੀ 27.12.2009 ਨੂੰ ਉਸਾਰੀ ਅਧੀਨ ਬਾਬਾ ਲੱਖੀ

ਸ਼ਾਹ ਲੁਬਾਣਾ ਭਵਨ ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਿਸ ਵਿੱਚ ਸੰਗਤਾਂ ਵੱਡੀ ਗਿਣਤੀ ਵਿੱਚ ਨਤਮਸਤਕ ਹੋਈਆਂ। ਸੁਖਮਨੀ ਸਾਹਿਬ ਦੇ ਪਾਠ ਅਤੇ ਧੁਰ ਕੀ ਬਾਣੀ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਦੀ ਬੇ-ਮਿਸਾਲ ਸ਼ਹੀਦੀ ਬਾਰੇ ਬੁਲਾਰਿਆਂ ਵੱਲੋਂ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਅਤੇ ਹੋਰ ਸਮਾਜਿਕ ਸਮੱਸਿਆਵਾਂ ਬਾਰੇ ਵਿਚਾਰਾਂ ਹੋਈਆਂ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**8. ਡਾ. ਰਤਨ ਸਿੰਘ ਅਜਨਾਲਾ ਐਮ.ਪੀ. ਵੱਲੋਂ ਭਵਨ ਲਈ 2 ਲੱਖ ਰੁਪਏ ਦੀ ਸਹਾਇਤਾ** : ਡਾ. ਰਤਨ ਸਿੰਘ ਅਜਨਾਲਾ ਦੇ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਚੁਣੇ ਜਾਣ ਤੇ ਲੁਬਾਣਾ ਵੈਲਫੇਅਰ ਟਰੱਸਟ ਦੀ ਮੈਨੇਜਿੰਗ ਕਮੇਟੀ ਦੇ ਕੁਝ ਮੈਂਬਰ ਵਫਦ ਦੀ ਸ਼ਕਲ ਵਿੱਚ ਮਿਤੀ 17.5.2009 ਨੂੰ ਡਾ. ਸਾਹਿਬ ਨੂੰ ਵਧਾਈ ਦੇਣ ਲਈ ਅਜਨਾਲਾ ਵਿਖੇ ਗਏ। ਮੇਰੇ ਵੱਲੋਂ ਸਾਰਿਆਂ ਦੀ ਡਾ. ਸਾਹਿਬ ਨਾਲ ਜਾਨ ਪਹਿਚਾਨ ਕਰਾਈ ਗਈ। ਕਾਫੀ ਦੇਰ ਤੱਕ ਚਾਹ ਪਾਣੀ ਸਮੇਂ ਚੋਣ ਬਾਰੇ ਗੱਲਬਾਤ ਹੁੰਦੀ ਰਹੀ। ਆਉਣ ਲੱਗਿਆਂ ਡਾ. ਸਾਹਿਬ ਨੂੰ ਕਪੂਰਥਲਾ ਭਵਨ ਦੀ ਉਸਾਰੀ ਲਈ ਮੋਟੀ ਗਰਾਂਟ ਦੇਣ ਲਈ ਬੇਨਤੀ ਕੀਤੀ ਗਈ। ਡਾ. ਸਾਹਿਬ 27.12.2009 ਨੂੰ ਸ਼ਹੀਦੀ ਗੁਰਪੁਰਬ ਤੇ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਆਪਣੇ ਸੰਬੋਧਨ ਦੌਰਾਨ ਉਨ੍ਹਾਂ ਨੇ ਭਵਨ ਦੀ ਉਸਾਰੀ ਲਈ 2 ਲੱਖ ਰੁਪਏ ਦੀ ਮਾਇਕ ਸਹਾਇਤਾ ਦੀ ਘੋਸ਼ਨਾ ਕੀਤੀ। ਡਾ. ਸਾਹਿਬ ਨੂੰ ਸਿਰੋਪਾਉ ਦੇ ਕੇ ਸਨਮਾਨਿਤ ਕੀਤਾ ਗਿਆ।

(ਚਲਦਾ)

● ● ●

**ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।**

● ● ●


# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

## ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

**ਵੱਲੋਂ**

# ਦੇਸ਼-ਵਿਦੇਸ਼ ਵਸਦੇ ਪੰਜਾਬੀ ਭਾਈਚਾਰੇ ਨੂੰ ਖ਼ਾਲਸਾ ਸਾਜਨਾ ਦਿਵਸ ਦੀਆਂ ਲੱਖ-ਲੱਖ ਵਧਾਈਆਂ



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਕੋਇਲਾਂ ਕੂਕਦੀਆਂ, ਪ੍ਰਦੇਸੀਆ ਘਰ ਆ

ਬਹਾਰ ਰੁੱਤ 'ਚ ਕੁਦਰਤ ਖੂਬਸੂਰਤੀ ਦਾ ਖਟ ਵਿਛਾਉਂਦੀ ਹੈ। ਖੇੜਿਆਂ 'ਤੇ ਖੁਸ਼ਬੂ ਦੀ ਛਹਿਬਰ ਲਗਦੀ ਹੈ। ਵਣ-ਤ੍ਰਿਣ ਮੌਲਦਾ ਹੈ। ਬਹਾਰ ਦੇ ਮੌਸਮ ਵਿਚ ਹੀ ਕਾਦਰ ਦੀ ਕੁਦਰਤ ਦਾ ਦੈਵੀ ਔਰਕੈਸਟਰਾ ਵਜਦਾ ਹੈ। ਪੰਛੀਆਂ ਦੇ ਸੁਰ-ਸੰਗੀਤ ਦੀ ਰਿੰਮ-ਝਿਮ ਹੁੰਦੀ ਹੈ। ਰੰਗ ਬਰੰਗੇ ਫੁੱਲ ਦੇਖ ਕੇ ਬੰਦਾ ਖੇੜੇ 'ਚ ਖੀਵਾ ਹੋ ਉਠਦੈ। ਸੁਰੀਲੇ ਪੰਛੀਆਂ ਦੇ ਮਧੁਰ ਗੀਤ ਸੁਣ ਕੇ ਕਾਲਜੇ ਨੂੰ ਠੰਡ ਪੈ ਜਾਂਦੀ ਹੈ। ਕੋਇਲ ਦੀ ਕੂ ਕੂ, ਮੋਰਾਂ ਦੀ ਪੈਲ, ਫੁਲਾਂ ਦੀ ਖੁਸ਼ਬੂ, ਚਿੜੀਆਂ ਦੀ ਚਹਿਕ, ਬਸ, ਬਸ ਹੀ ਸਮਝੋ!

ਕੋਇਲ ਕਾਦਰ ਦਾ ਲਾਡਲਾ ਪੰਛੀ ਹੈ। ਇਹ ਬਹਾਰ ਰੁੱਤ ਦਾ ਪ੍ਰਾਹੁਣਾ ਹੈ। ਬਹਾਰ ਖਿਲਣ ਅਤੇ ਖੇਲਣ ਦੀ ਰੁੱਤ ਹੈ। ਮਿਲਣ ਤੇ ਮੇਲ੍ਹਣ ਦੀ ਵੀ ਅਤੇ ਰੀਝਾਂ ਦਾ ਰਾਂਝਾ ਰਾਜ਼ੀ ਕਰਨ ਦੀ ਵੀ! ਡਾ. ਉਰਮਿਲੇਸ਼ ਨੇ ਬੜਾ ਸੋਹਣਾ ਕਿਹਾ, "ਤਿਤਲੀ, ਹਿਰਨੀ, ਮੋਰਨੀ, ਕੋਇਲ, ਬਤਖ, ਮੀਨ,/ਸ੍ਰਿਸ਼ਟੀ ਪਿਤਾ ਕੀ ਬੇਟੀਆਂ ਕਿਤਨੀ ਸ਼ੋਖ ਹੁਸੀਨ"!

ਮੋਰ ਦੀ ਪੀਊ ਪੀਊ ਤੋਂ ਬਾਅਦ ਕੋਇਲ ਦੀ ਕੂ ਕੂ ਮੇਰੇ ਧੁਰ ਅੰਦਰ ਤੀਕ ਧੂ ਪਾਉਂਦੀ ਹੈ। ਬਚਪਨ ਅਤੇ ਜਵਾਨੀ ਪਿੰਡ ਵਿਚ ਬਿਤਾਉਣ ਕਾਰਨ ਇਹਨਾਂ ਦੋਨਾਂ ਸੰਗੀਤਕ ਪੰਛੀਆਂ ਦਾ ਮੇਰੇ ਉਪਰ ਪਹਿਰਾ ਹੈ, ਪਕੜ ਹੀ ਸਮਝੋ! 'ਮਾਂ' ਤੇ 'ਮੋ' (ਮੋਰ) ਤਾਂ ਮੈਂ ਬਾਲਪਨ ਵੇਲੇ ਬੋਲਣ ਲਗਿਆਂ ਇਕੱਠੇ ਹੀ ਸਿੱਖੇ ਸਨ। ਇਹ ਗਲ ਮੇਰੀ ਮਾਂ ਨੇ ਮੈਨੂੰ ਦਸੀ ਸੀ। ਮੋਰ ਸਾਡੇ ਪਿੰਡ ਦੇ ਘਰ ਦੇ ਬਿਲਕੁਲ ਮੁੱਢ ਤ੍ਰਿਵੇਣੀ (ਬੋਹੜ, ਪਿਪਲ, ਨਿੰਮ) ਉਪਰ ਬੈਠਦੇ ਸਨ 'ਤੇ ਉਥੋਂ ਸਾਡੇ ਕੋਠੇ ਉਪਰ ਵੀ ਆ ਜਾਂਦੇ ਸਨ। ਸੋ ਸੁਰਤ ਸੰਭਾਲਦਿਆਂ ਹੀ ਰਾਸ਼ਟਰੀ ਪੰਛੀ ਦਿਸਿਆ!

ਕੋਇਲ ਥੋੜ੍ਹਾ ਹੋਰ ਸੰਭਲਿਆ ਤਾਂ ਦੇਖੀ। ਅੰਬਾਂ ਦੇ ਬੂਟਿਆਂ ਜਾਂ ਉਚੇ ਬਿਰਖਾਂ ਦੇ ਸੰਘਣਿਆਂ ਪੱਤਿਆਂ 'ਚ ਲੁਕ ਕੇ ਬੈਠਦੀ। ਅੰਬਾਂ ਨੂੰ ਬੂਰ ਪੈਦਿਆਂ ਹੀ ਇਹ ਮਾਰਚ-ਅਪਰੈਲ ਦੇ ਮਹੀਨੇ ਪ੍ਰਗਟ ਹੋ ਜਾਂਦੀ ਹੈ ਅਤੇ ਅਗਸਤ-ਸਤੰਬਰ ਤਕ ਇਧਰ ਪਰਵਾਸ ਕਰਦੀ ਹੈ। ਯਾਦ ਹੈ ਨਾ 1959 ਦੀ ਪੰਜਾਬੀ ਫਿਲਮ 'ਭੰਗੜਾ' 'ਚ ਸ਼ਮਸ਼ਾਦ ਬੇਗਮ ਦਾ ਗਾਇਆ ਮਸ਼ਹੂਰ ਗੀਤ-"ਅੰਬੀਆਂ ਦੇ ਬੂਟਿਆਂ ਤੇ ਲਗ ਗਿਆ ਬੂਰ ਨੀ,/ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀ"?

ਇਹਨੀਂ ਦਿਨੀਂ ਜਦ ਲੌਕਡਾਊਨ/ਕਰਫਿਊ ਕਾਰਨ ਫਿਜ਼ਾ ਸ਼ਾਂਤ ਹੋਈ ਤਾਂ ਕੋਇਲ ਦੀ ਕੂ ਕੂ ਫਿਰ ਸੁਨਣ ਨੂੰ ਮਿਲੀ। ਆਪ ਮੁਹਾਰੇ ਬਚਪਨ/ਲੜਕਪਨ ਦੇ ਦਿਨ ਯਾਦ ਆ ਗਏ। ਜ਼ਿੰਦਗੀ 55-60 ਸਾਲ ਪਿੱਛਲ-ਗੇੜੀ ਖਾ ਗਈ। ਸ਼ਹਿਰ 'ਚ ਘਰੋਂ ਅੱਧਾ ਕਿਲੋ ਮੀਟਰ ਦੂਰ ਬਿਰਖਾਂ ਦੇ ਝੁੰਡ 'ਚੋਂ ਕੋਇਲ ਦੀ ਆਵਾਜ਼ ਬੜੀ ਦੇਰ ਬਾਅਦ ਇਸ ਕਦਰ ਸਪਸ਼ਟ ਸੁਨਣ ਨੂੰ ਮਿਲੀ ਜਿਵੇਂ ਕੋਇਲ ਬਨੇਰੇ ਉਪਰ ਹੀ ਬੈਠੀ ਹੋਵੇ (ਭਾਵੇਂ ਬਨੇਰਿਆਂ 'ਤੇ ਤਾਂ ਕਾਂ ਹੀ ਬੈਠਦੇ/ਬੋਲਦੇ ਐ!)।

ਮੈਂ ਇਸ ਗਲੋਂ ਅੰਗਰੇਜ਼ੀ ਕਵੀ ਵਿਲੀਯਮ ਵਰਡਸਵਰਥ ਨਾਲੋਂ ਖੁਸ਼ਕਿਸਮਤ ਹਾਂ ਕਿ ਮੈਨੂੰ ਬਹੁਤ ਵਾਰ ਕੋਇਲ ਨੂੰ ਦੇਖਣ ਦਾ ਮੌਕਾ ਮਿਲਿਆ। ਵਰਡਸਵਰਥ ਕੋਇਲ ਨੂੰ ਮੁਖਾਤਬ ਆਪਣੀ ਕਵਿਤਾ 'ਟੂ ਦਾ ਕੁੱਕੂ' (ਕੋਇਲ ਨੂੰ) ਵਿਚ ਕਹਿੰਦੈ ਕਿ ਉਸ ਨੇ ਸਕੂਲ ਪੜ੍ਹਦੇ ਲੜਕੇ ਵਜੋਂ ਕੋਇਲ ਦੀ ਆਵਾਜ਼ ਸੁਣ ਕੇ ਹਜ਼ਾਰਾਂ ਪਾਸੇ- ਝਾੜੀਆਂ, ਰੁੱਖਾਂ, ਅੰਬਰ ਵਲ ਪੰਛੀ ਨੂੰ ਦੇਖਣ ਦੀ ਕੋਸ਼ਿਸ਼ ਕੀਤੀ... ਹੁਣ ਵੀ (ਵਡਾ ਹੋ ਕੇ) ਉਹ ਪੰਛੀ ਲਈ ਤਾਂਘਦੈ/ਤੜਪਦੈ ਪਰ ਕਦੀ ਤਕਿਆ ਨਹੀਂ। ਇਸੇ ਲਈ ਕਵੀ ਇਸ ਨੂੰ 'ਅਦ੍ਰਿਸ਼ਟ ਸ਼ੈਅ', ਇਕ ਰਹਸ, ਇਕ ਆਵਾਜ਼ ਕਹਿੰਦੈ ਜੋ ਇਕੋ ਸਮੇਂ ਦੂਰ ਤੇ ਨੇੜੇ ਭਾਸਦੀ ਹੈ।

ਕੋਇਲ ਇਕ ਬਹੁਤ ਸੰਗਾਊ ਪੰਛੀ ਹੈ। ਇਹ ਦੂਸਰਿਆਂ ਪੰਛੀਆਂ ਵਾਂਗ ਖੰਭਿਆਂ, ਤਾਰਾਂ, ਬਨੇਰਿਆਂ, ਝਾੜੀਆਂ ਅਦਿ ਉਪਰ ਕਦੀ ਵੀ ਬੈਠਾ ਨਹੀਂ ਦਿਸੇਗਾ। ਹਮੇਸ਼ਾਂ ਉਚੇ, ਸੰਘਣੇ ਰੁੱਖਾਂ ਦੇ ਪੱਤਿਆਂ ਓਹਲੇ ਛੁਪ ਕੇ ਬੈਠਾ ਮਿਲੇਗਾ। ਅਸੀਂ ਨਰ ਤੇ ਮਾਦਾ ਕੋਇਲ ਕਈ ਵਾਰ ਦੇਖੇ ਹਨ। ਨਰ ਚਮਕੀਲੇ ਕਾਲੇ ਰੰਗ ਦਾ, ਅੱਖਾਂ ਟਲੀ ਹੋਏ ਸ਼ਰਾਬੀ ਵਾਂਗ ਲਾਲ ਤੇ ਪੂਛਲ ਲੰਮੀ। ਮਾਦਾ ਕੋਇਲ ਹਲਕੇ ਭੂਰੇ ਰੰਗ ਦੀ ਹੁੰਦੀ ਹੈ ਤੇ ਉਪਰ ਚਿੱਟੇ ਡੱਬ ਹੁੰਦੇ ਹਨ।

ਕੋਇਲ ਨੂੰ ਇਸ ਗੱਲੋਂ ਸਿਹੁਣਾ-ਪਰਜੀਵੀ ਪੰਛੀ ਕਿਹਾ ਜਾਂਦੈ ਕਿਉਂਕਿ ਇਹ ਆਪਣੇ ਅੰਡੇ ਕਿਸੇ ਦੂਸਰੇ ਪੰਛੀ ਦੇ ਆਲ੍ਹਣੇ ਵਿਚ ਦਿੰਦੀ ਹੈ ਤੇ ਉਹਨਾਂ ਉਪਰ ਬੈਠਦੀ ਨਹੀਂ। ਭਾਵ ਇਸ ਦੇ ਅੰਡਿਆਂ ਉਪਰ ਦੂਸਰਾ ਪੰਛੀ ਹੀ ਬੈਠਦੈ, ਬੱਚੇ ਨਿਕਲਣ ਉਪਰੰਤ ਉਹਨਾਂ ਨੂੰ ਪਾਲਦੈ। ਅਕਸਰ ਮਾਦਾ ਕੋਇਲ ਇਹ ਚੁਸਤੀ ਪੰਛੀਆਂ ਵਿਚੋਂ ਸਭ ਤੋਂ ਚੁਸਤ ਸਮਝੇ ਜਾਂਦੇ ਕਾਂ ਨਾਲ ਕਰਦੀ ਹੈ। ਅਸੀਂ ਕੋਇਲ ਦੀ ਇਹ ਚਲਾਕੀ ਦੀ ਖੇਡ ਵੀ ਦੇਖੀ ਹੈ। ਨਰ ਕੋਇਲ ਕਾਂ ਨੂੰ ਗੁਮਰਾਹ ਕਰਨ ਲਈ ਉਸ ਨੂੰ ਉਕਸਾ ਕੇ ਇਕ ਡਾਲ/ਰੁੱਖ ਤੋਂ ਦੂਸਰੀ ਡਾਲ/ਰੁੱਖ ਉਪਰ ਘੁਮਾਉਂਦਾ ਰਹਿੰਦਾ ਹੈ। ਜਦ ਤੀਕ ਇਹ ਲੁਕਣਮੀਟੀ ਜਿਹੀ ਚਲਦੀ ਹੈ ਤਾਂ ਮਾਦਾ ਕੋਇਲ ਕਾਂ ਦੇ ਆਲ੍ਹਣੇ ਵਿਚ ਆਪਣੇ ਅੰਡੇ ਦੇ ਦਿੰਦੀ ਹੈ! ਮਾਦਾ ਕਾਂ (ਕਾਂਉਣੀ) ਦੇ ਅੰਡੇ ਪਹਿਲਾਂ ਹੀ ਆਲ੍ਹਣੇ ਵਿਚ ਪਏ ਹੁੰਦੇ ਹਨ ਅਤੇ ਉਹ ਕੋਇਲਣੀ ਦੇ ਅੰਡਿਆਂ ਨੂੰ ਵੀ ਆਪਣੇ ਸਮਝ ਕੇ ਉਹਨਾਂ ਉਪਰ ਬੈਠੀ ਰਹਿੰਦੀ ਹੈ ਤਾਂ ਕਿ ਗਰਮਾਹਟ ਨਾਲ ਉਹਨਾਂ ਚੋਂ ਚੂਚੇ ਪੈਦਾ ਹੋ ਸਕਣ। ਕੋਇਲ ਦੇ ਬੱਚਿਆਂ ਦੇ ਪਾਲਕ-ਮਾਪੇ ਕਾਂ ਜਾਂ ਦੂਸਰੇ ਹੋਰ ਪੰਛੀ

ਹੁੰਦੇ ਹਨ।

ਕੋਇਲ ਏਸ਼ੀਆ, ਆਸਟਰੇਲੀਆ ਅਤੇ ਪ੍ਰਸ਼ਾਂਤ ਮਹਾਂਸਾਗਰੀ ਇਲਾਕਿਆਂ ਵਿਚ ਹੁੰਦੀ ਹੈ। ਏਸ਼ੀਅਨ ਕੋਇਲ 'ਕੁਕੂ ਪਰਿਵਾਰ' 'ਚੋਂ ਹੈ। ਇਸ ਦਾ ਨਾਮ ਇਸ ਦੀ ਗੂੰਜਵੀਂ ਕੂ ਕੂ ਦੀ ਆਵਾਜ਼ ਕਾਰਨ ਪਿਐ। ਭਾਰਤੀ ਪੰਛੀਆਂ ਬਾਰੇ ਮੋਢੀ ਪੰਛੀ-ਵਿਗਿਆਨੀ ਸਮਝੇ ਜਾਂਦੇ ਅੰਗਰੇਜ਼ ਲੇਖਕ ਟੌਮਸ.ਸੀ. ਜਰਡਨ ਅਨੁਸਾਰ ਕੋਇਲ 'ਕੁ-ਇਲ ਕੁ-ਇਲ' ਕਰਕੇ ਆਵਾਜ਼ ਕਢਦੀ ਹੈ ਜਿਸ ਕਾਰਨ ਇਹ ਨਾਮ ਪਿਐ। ਉਡਾਨ ਭਰਨ ਸਮੇਂ ਇਹ ਇਕ ਹੋਰ ਤਰ੍ਹਾਂ ਦੀ ਆਵਾਜ਼ ਵੀ ਕਢਦੀ ਹੈ ਜੋ ਤੇਜ਼ ਤੇਜ਼ 'ਕੁ ਕੁ ਕੁ' ਵਰਗੀ ਹੁੰਦੀ ਹੈ। ਆਮ ਤੌਰ ਤੇ ਕੋਇਲ ਪਹਿਲਾਂ ਬਹੁਤ ਹੀ ਧੀਮੀ ਸੁਰ ਵਿਚ ਲਮਕਾ ਕੇ 'ਕੂਅਅ' ਕਹਿੰਦੀ ਹੈ। ਫਿਰ ਹੌਲੀ ਹੌਲੀ ਆਵਾਜ਼ ਤੇਜ਼ ਕਰਦੀ ਜਾਂਦੀ ਹੈ ਤੇ ਫਿਰ ਬਹੁਤ ਹੀ ਉੱਚੀ ਧੁਨੀ ਵਿਚ ਚੀਖਵੇਂ ਅੰਦਾਜ਼ ਵਿਚ ਕੂ ਕੂ ਕਰਦੀ ਹੈ। ਮੈਂ ਇਸ ਦੀ ਕੂ ਕੂ ਦੀ ਗਿਣਤੀ ਕਰਦਾ ਰਹਿਨਾਂ। ਆਮ ਤੌਰ ਤੇ ਇਹ 13-15 ਵਾਰ ਇਹ ਆਵਾਜ਼ ਕਢਦੀ ਹੈ। ਕਈ ਵਾਰ 20-25 ਵਾਰ ਵੀ। ਇਹ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਇਹ ਪੰਛੀ ਧੰਨ ਹੈ, ਅਣਥੱਕ ਗਾਉਂਦਾ ਹੀ ਰਹਿੰਦੈ। ਪਰਜਣਨ ਰੁੱਤੇ ਤਾਂ ਮੈਂ ਇਸ ਨੂੰ ਅਮ੍ਰਿਤਵੇਲੇ, ਦੁਪਹਿਰ, ਸ਼ਾਮੀ, ਰਾਤੀਂ, ਅੱਧੀ ਰਾਤ ਤੋਂ ਬਾਅਦ ਅਤੇ ਪਹਿਰ ਦੇ ਤੜਕੇ ਕੂ ਕੂ ਕਰਦਿਆਂ ਸੁਣਿਆਂ!

ਕੋਇਲ ਦਾ ਨਾਮ ਕੋਕਿਲਾ ਜਾਂ ਕੋਕਲਾ ਵੀ ਹੈ। ਯੂਰਪ ਵਿਚ ਇਹ ਅਫਰੀਕਾ 'ਤੋਂ ਅਪਰੈਲ ਦੇ ਅੱਧ ਵਿਚ ਆਉਂਦੀ ਹੈ ਅਤੇ ਇਸ ਦੀ ਕੂ ਕੂ ਦੀ ਆਵਾਜ਼ ਤੋਂ ਹੀ ਬਹਾਰ ਦੀ ਆਮਦ ਦਾ ਐਲਾਨ ਸਮਝਿਆ ਜਾਂਦੈ। ਅੰਗਰੇਜ਼ ਇਸ ਨੂੰ 'ਕੁੱਕੂ' ਕਹਿੰਦੇ ਹਨ, ਫਰਾਂਸ ਵਾਲੇ 'ਕੌਊ ਕੌਊ', ਹੌਲੈਂਡ 'ਚ 'ਕੋਇਕ-ਓਇਕ', ਜਰਮਨੀ 'ਚ 'ਕੁਕ ਕੁਕ', ਰੂਸ 'ਚ 'ਕੁਕੁਸ਼-ਕਾ' ਜਪਾਨ 'ਚ 'ਕਾਕੋ' ਸਦਦੇ ਹਨ। ਪਰ ਇਹ ਸਾਰੇ ਨਾਮ ਇਸ ਦੀ ਕੂ ਕੂ ਦੀ ਆਵਾਜ਼ ਦੀ ਵਿਭਿੰਨਤਾ 'ਚੋਂ ਹੀ ਉਪਜੇ ਹਨ।

ਕੋਇਲ ਨਾਲ ਕਈ ਮਾਨਤਾਵਾਂ ਵੀ ਜੁੜੀਆਂ ਹਨ ਪਰ ਉਹਨਾਂ 'ਚੋਂ ਬਹੁਤੀਆਂ ਅਵਿਗਿਆਨਕ ਹਨ।

ਕੋਇਲ ਦੀ ਚਰਚਾ ਸਾਹਿਤ ਵਿਚ ਵੀ ਬਹੁਤ ਹੈ। ਕੁਦਰਤ-ਕਾਵਿ ਦੇ ਪਿਤਾਮਾ ਵਰਡਸਵਰਥ ਦੀ ਪਹਿਲਾਂ ਦਸੀ ਗਈ ਕਵਿਤਾ ਤੋਂ ਇਲਾਵਾ ਕਵੀ ਇਸ ਦਾ ਚਰਚਾ ਇਕ ਹੋਰ ਕਵਿਤਾ 'ਦ ਸੋਲਿਟਰੀ ਰੀਪਰ' (ਇਕੱਲੀ ਵਾਢਣ) ਵਿਚ ਵੀ ਕਰਦੈ। ਉਹ ਇਸ ਦੇ ਝਰਨਾਹਟ-ਛੇੜਵੇਂ ਮਧੁਰ ਗੀਤ ਦੀ ਸਰਾਹਨਾ ਕਰਦੈ।

ਪਹਿਲੀ ਕਵਿਤਾ ਵਿਚ ਉਹ ਇਸ ਨੂੰ 'ਘੁਮੱਕੜ ਆਵਾਜ਼', 'ਬਹਾਰ ਦੀ ਚਹੇਤੀ', 'ਅਨੰਦਿਤ' ਅਤੇ 'ਵਰਦਾਨਿਆਂ' ਪੰਛੀ ਕਹਿੰਦਿਆਂ ਇਸ ਨੂੰ ਸੁੰਦਰਤਾ, ਮਾਸੂਮੀਅਤ, ਪਿਆਰ ਅਤੇ ਉਮੀਦ ਦੀ ਪ੍ਰਤੀਕ ਕਹਿੰਦੈ। ਆਪਾਂ ਵੀ ਸੁੰਦਰ ਆਵਾਜ਼ ਵਾਲੇ ਨੂੰ ਕੋਇਲ ਨਾਲ ਤਸ਼ਬੀਹ ਦਿੰਦੇ ਹਾਂ। ਮਹਾਨ ਗਾਇਕਾ ਲਤਾ ਮੰਗੇਸ਼ਕਰ ਨੂੰ ਭਾਰਤ ਦੀ ਕੋਕਿਲਾ ਕਿਹਾ ਜਾਂਦੈ। ਕੋਈ ਵੈਸੇ ਵੀ ਸੁਹਣਾ ਗਾਵੇ ਤਾਂ ਆਮ ਕਿਹਾ ਜਾਂਦੈ ਕਿ ਇਸ ਦੀ ਆਵਾਜ਼ ਕੋਇਲ ਵਰਗੀ ਮਿੱਠੀ ਹੈ। ਕਿਧਰੇ ਨੰਗਾ-ਚਿੱਟਾ ਧੱਕਾ ਹੋਣ ਦੀ ਸੂਰਤ ਵਿਚ ਆਮ ਕਿਹਾ ਜਾਂਦੈ ਕਿ ਕਾਂਵਾਂ ਦੀ ਮਹਿਫਲ ਵਿਚ ਕੋਇਲਾਂ ਨੂੰ ਕਦੀ ਇਨਾਮ ਨਹੀਂ ਮਿਲਦਾ! ਬੌਲੀਵੁੱਡ ਵਿਚ ਵੀ ਕੋਇਲ ਜਾ ਵੜੀ ਹੈ। 1991 ਦੀ ਫਿਲਮ 'ਬੇਟਾ' ਦਾ ਇਕ ਗੀਤ ਹੈ-'ਕੋਇਲ ਸੀ ਤੇਰੀ ਬੋਲੀ ਕੁ ਕੁ...'।

ਅਣਵੰਡੇ ਪੰਜਾਬ ਦਾ ਇਕ ਕਵੀ ਕਾਲੀਦਾਸ ਕੋਇਲ ਅਤੇ ਕਾਂ ਬਾਰੇ ਕਹਿੰਦਾ ਹੈ ਕਿ ਦੋਨਾਂ ਪੰਛੀਆਂ ਦਾ ਰੰਗ ਕਾਲਾ ਹੈ। ਪਰ ਕੋਇਲ ਆਪਣੀ ਆਵਾਜ਼ ਦੀ ਮਿਠਾਸ ਕਾਰਨ ਹਰਮਨਪਿਆਰੀ ਹੋ ਜਾਂਦੀ ਹੈ ਜਦਕਿ ਕਾਂ ਆਪਣੀ ਬੇਸੁਰੀ ਆਵਾਜ਼ ਕਾਰਨ ਬਹੁਤਾ ਪਸੰਦ ਨਹੀਂ ਕੀਤਾ ਜਾਂਦਾ। ਹਾਲਾਂ ਕਿ ਨਿੱਜੀ ਤੌਰ 'ਤੇ ਕੋਇਲ ਕਿਸੇ ਨੂੰ ਕੁਝ ਦਿੰਦੀ ਨਹੀਂ ਅਤੇ ਕਾਂ ਕਿਸੇ ਦਾ ਕੁਝ ਲੈਂਦਾ ਨਹੀਂ। ਉਸ ਦੀਆਂ ਕਾਵਿਕ ਸਤਰਾਂ ਕੁਝ ਇਸ ਤਰ੍ਹਾਂ ਹਨ- "ਕੋਇਲ ਕਯਾ ਕਿਸੀ ਕੋ ਦੇਤ ਹੈ?/ਕਊਆ ਕਯਾ ਕਿਸੀ ਕਾ ਲੇਤ ਹੈ?/ਸ਼ੀਰੀ ਹੈ ਜਾਗੀਰੀ/ਯਹਾਂ ਜਾਉ ਤਹਿ ਯਾਰ ਯਾਰ,/ਜ਼ੁਬਾਨ ਟੇਢੀ ਮੁਖ ਬੇਬਾਕਾ,/ਯਹਾਂ ਜਾਉ ਤਹਿ ਮਾਰ ਮਾਰ"।

ਕੋਇਲ ਦਾ ਜ਼ਿਕਰ ਗੁਰਬਾਣੀ ਵਿਚ ਵੀ ਹੈ-"ਕੋਇਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ"।। ਕੋਇਲ ਪ੍ਰੇਮੀ ਅਤੇ ਪ੍ਰੇਮਿਕਾ ਵਿਚਲੇ ਵਿਛੋੜੇ ਦੇ ਸੱਲ੍ਹ ਦੀ ਵੀ ਪ੍ਰਤੀਕ ਹੈ। ਗੁਰਬਾਣੀ ਵਿਚ ਇਕ ਪ੍ਰਸ਼ਨ-ਉਤਰ ਵਾਂਗ ਟੂਕ ਹੈ-'ਕਾਲੀ ਕੋਇਲ ਤੂ ਕਿਤ ਗੁਨ ਕਾਲੀ/ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ"। ਇਸ ਵਿਚ ਜੀਵ ਆਤਮਾ, ਜੋ ਪ੍ਰਭੂ-ਵਿਛੋੜੇ 'ਚ ਸੜ ਸੜ ਕੇ ਕੋਇਲ ਵਾਂਗ ਕਾਲੀ ਹੋ ਗਈ ਹੈ, ਆਪਣੇ ਪ੍ਰਭੂ-ਪਤੀ ਨਾਲ ਮਿਲਣ ਲਈ ਤੜਪਦੀ ਹੈ। ਇਹ ਗੱਲ ਸੰਸਾਰਿਕ ਪੱਧਰ ਉਪਰ ਵੀ ਢੁਕਦੀ ਹੈ। ਵਿਛੋੜੇ ਦਾ ਸੱਲ੍ਹ ਸਾੜ ਦਿੰਦੈ! ਬਹਾਰ ਦੀ ਰੁੱਤ ਵਿਚ ਇਹ ਵਿਛੋੜਾ ਹੋਰ ਵੀ ਅੱਗ ਲਾਉਂਦੈ। ਬਿਰਹਨ ਕਾਂ ਦੇ ਬੋਲਣ ਦੀ ਉਡੀਕ ਕਰਦੀ ਕਹਿੰਦੀ ਹੈ- 'ਕੋਇਲਾਂ ਕੂਕਦੀਆਂ, ਤੂੰ ਵੀ ਬੋਲ ਚੰਦਰਿਆ ਕਾਂਵਾਂ'। ਕਾਂ ਦਾ ਬੋਲਣਾ ਪ੍ਰਾਹੁਣੇ ਦੇ ਆਉਣ ਦਾ ਸੂਚਕ ਮੰਨਿਆਂ ਜਾਂਦੈ। ਪਿੰਡਾਂ-ਥਾਂਵਾਂ ਤੇ ਪ੍ਰਾਹੁਣਾ ਦਾਮਾਦ ਨੂੰ ਵੀ ਕਹਿੰਦੇ ਹਨ, ਭਾਵ ਬਿਰਹਨ ਆਪਣੇ ਪਿਆਰੇ ਪਤੀ ਦੀ ਉਡੀਕ ਕਰਦਿਆਂ ਕਾਂ ਨੂੰ ਇਹ ਪੁਕਾਰ ਕਰਦੀ ਹੈ। ਕੋਇਲ ਦੀ ਕੂ ਕੂ ਸੁਣ ਕੇ ਵਿਜੋਗਣ ਦੇ ਸੀਨੇ ਵਿਚੋਂ ਮਿਲਾਪ ਲਈ ਹੋਰ ਸ਼ਿੱਦਤ ਨਾਲ ਹੂਕ ਉਠਦੀ ਹੈ ਅਤੇ ਉਹ ਆਪਣੇ ਵਿਛੜੇ/ਪ੍ਰਦੇਸੀ ਪ੍ਰੀਤਮ ਨੂੰ ਪੁਕਾਰਦੀ ਹੈ-

**"ਕੋਇਲਾਂ ਕੂਕਦੀਆਂ, ਪ੍ਰਦੇਸੀਆ ਘਰ ਆ!"**

**ਪ੍ਰੋ. ਜਸਵੰਤ ਸਿੰਘ ਗੰਡਮ**

# ਪੰਜਾਬੀ ਸੱਭਿਆਚਾਰ - ਇਤਿਹਾਸਕ ਪਿਛੋਕੜ

**ਸਹਿਜਪ੍ਰੀਤ ਕੌਰ**

ਪੰਜਾਬੀ ਸੱਭਿਆਚਾਰ ਪੰਜਾਬ ਦੇ ਭੂਗੋਲਿਕ ਖਿੱਤੇ ਦੀ ਪੈਦਾਵਾਰ ਹੈ। ਪੰਜਾਬ ਦੀ ਭੂਗੋਲਿਕ ਹੱਦਬੰਦੀ ਲਗਾਤਾਰ ਬਦਲਦੀ ਆਈ ਹੈ। ਇਸੇ ਕਰਕੇ ਅਜੋਕਾ ਪੰਜਾਬ ਇੱਕ ਰਾਜਸੀ ਇਕਾਈ ਤਾਂ ਹੈ ਪਰ ਇਸ ਨੂੰ ਸੰਪੂਰਨ ਸੱਭਿਆਚਾਰਕ ਖਿੱਤੇ ਵਜੋਂ ਪ੍ਰਵਾਨ ਨਹੀਂ ਕਰ ਸਕਦੇ, ਕਿਉਂਕਿ ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ ਪੱਖੋਂ ਬਹੁਤ ਸਾਰੇ ਇਲਾਕੇ ਅਜੋਕੇ ਪੰਜਾਬ ਤੋਂ ਬਾਹਰ ਵੀ ਹਨ। ਵਾਸਤਵ ਵਿੱਚ ਪੰਜਾਬ ਪੰਜਾਬੀ ਬੋਲਦੇ ਸਾਂਝੇ ਵਿਰਸੇ ਦੇ ਲੋਕਾਂ ਦੇ ਸਾਂਝੇ ਜੀਵਨ ਢੰਗ, ਵੱਖਰੀ ਸਰੀਰਿਕ ਅਤੇ ਮਨੋਬਣਤਰ ਦਾ ਸੂਚਕ ਹੈ।

ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਕਿ ਇਹ ਪ੍ਰਾਚੀਨ ਜ਼ਮਾਨੇ ਤੋਂ ਚਲ ਰਹੀ ਭਾਰਤ ਨੂੰ ਦੱਖਣ-ਪੱਛਮੀ ਰਸਤਿਉਂ ਹੋਰ ਮੁਲਕਾਂ ਨਾਲ ਜੋੜਨ ਵਾਲਾ ਰਿਹਾ ਹੈ। ਇਸੇ ਕਰਕੇ ਪੰਜਾਬ ਨੂੰ ਭਾਰਤ ਦਾ ਪ੍ਰਵੇਸ਼-ਦੁਆਰ ਕਿਹਾ ਜਾਂਦਾ ਹੈ। ਪਹਿਲੇ ਜ਼ਮਾਨਿਆਂ ਵਿੱਚ ਜਿੰਨੇ ਵੀ ਲੋਕ ਜਾਂ ਹਮਲਾਵਰ ਭਾਰਤ ਵੱਲ ਆਏ ਉਹ ਪੰਜਾਬ ਵਿੱਚੋਂ ਹੀ ਲੰਘੇ। ਇਸ ਕਰਕੇ ਪੰਜਾਬ ਵਿੱਚ ਯੁਧਾਂ, ਮਾਰ-ਧਾੜਾਂ ਅਤੇ ਪਰਸਪਰ ਸਹਿਚਾਰ ਦੇ ਅਨੋਖੇ ਨਮੂਨੇ ਮਿਲਦੇ ਹਨ। ਇਹ ਅਸਲ ਵਿੱਚ ਵਿਭਿੰਨ ਨਸਲਾਂ, ਜਾਤਾਂ, ਧਰਮਾਂ ਦੀ ਸੁਮੇਲ ਭੂਮੀ ਹੈ। ਇਸੇ ਕਰਕੇ ਪੰਜਾਬੀ ਸੱਭਿਆਚਾਰ ਦੇ ਕੁਝ ਕੇਂਦਰੀ ਪੱਖ ਹੋਰ ਸੱਭਿਆਚਾਰਾਂ ਨਾਲੋਂ ਮੂਲੋਂ ਵੱਖਰੇ ਹਨ। ਪੰਜਾਬ ਦੀ ਜਰਖੇਜ਼ ਅਤੇ ਮੈਦਾਨੀ ਜ਼ਮੀਨ, ਜੀਵਨ-ਅਨੁਕੂਲ ਸਹਿੰਦਾ ਗਰਮ ਤੇ ਤਰ ਜਲਵਾਯੂ ਅਤੇ ਹਿਮਾਲਾ ਪਰਬਤ ਤੋਂ ਵਹਿੰਦੇ ਦਰਿਆਵਾਂ ਦੀ ਕੁਦਰਤੀ ਨਿਆਮਤ ਨੇ ਇਸ ਹੁਸੀਨ ਜ਼ਮੀਨ ਨੂੰ ਪ੍ਰਾਚੀਨ ਜ਼ਮਾਨੇ ਤੋਂ ਹੀ ਮਨੁੱਖੀ ਵੱਸੋਂ ਲਈ ਅਨੁਕੂਲ ਬਣਾਈ ਰਖਿਆ ਹੈ। ਪ੍ਰਾਣੀ-ਜੀਵਨ ਦੀਆਂ ਮੂਲ ਲੋੜਾਂ ਸਹਿਜੇ ਹੀ ਪ੍ਰਾਪਤ ਹੋ ਜਾਣ ਕਾਰਨ ਇਥੇ ਮਨੁੱਖ ਹਜ਼ਾਰਾਂ ਸਾਲਾਂ ਤੋਂ ਵਸਦਾ ਆ ਰਿਹਾ ਹੈ। ਲਗਾਤਾਰ ਉਥਲ-ਪੁਥਲ ਅਤੇ ਤਬਾਹੀ ਦੇ ਬਾਵਜੂਦ ਇਹ ਖਿੱਤਾ ਅਬਾਦ ਰਿਹਾ ਹੈ। ਇਸੇ ਕਰਕੇ ਹੀ ਸੱਭਿਆਚਾਰ ਵਿਗਿਆਨੀ ਪੰਜਾਬੀ ਨੂੰ ਸੱਭਿਆਚਾਰ ਦਾ ਪੰਘੂੜਾ ਹੋਣ ਦਾ ਮਾਣ ਦਿੰਦੇ ਹਨ। ਇਤਿਹਾਸਕ ਦ੍ਰਿਸ਼ਟੀ ਤੋਂ ਪੂਰਬਲੇ ਸੱਭਿਆਚਾਰ ਦੇ ਪ੍ਰਮਾਣ ਇਸ ਧਰਤੀ ਤੋਂ ਮਿਲਦੇ ਹਨ। ਜੋ ਲਗਪਗ ਦਸ ਹਜ਼ਾਰ ਸਾਲ ਤੋਂ ਵੀ ਪੁਰਾਣੇ ਹੋਣ ਦਾ ਅਨੁਮਾਨ ਹੈ। ਇਸ ਤੋਂ ਬਾਅਦ ਸਪਤ ਸਿੰਧੂ ਸੱਭਿਅਤਾ ਦੇ ਨਾ ਨਾਲ ਜਾਣੀ ਜਾਂਦੀ ਅਤਿ ਵਿਕਸਿਤ ਸ਼ਹਿਰੀ ਸੱਭਿਅਤਾ ਵੀ ਇਸੇ ਧਰਤੀ ਉੱਤੇ ਸਿਰਜੀ ਗਈ।

ਸਪਤ ਸਿੰਧੂ ਸੱਭਿਅਤਾ ਦੇ ਪ੍ਰਾਚੀਨ ਨਮੂਨੇ, ਹੜੱਪਾ, ਸੰਘੋਲ ਅਤੇ ਢੋਲਬਾਹਾ ਆਦਿ ਥਾਵਾਂ ਤੋਂ ਕੀਤੀ ਖੁਦਾਈ ਤੋਂ ਪ੍ਰਾਪਤ ਹੋਏ ਹਨ। ਇਸ ਨੂੰ ਹੜੱਪਾ ਸੱਭਿਆਚਾਰ ਵੀ ਕਿਹਾ ਜਾਂਦਾ ਹੈ। ਗਲੀਆਂ, ਘਰਾਂ, ਇਸ਼ਨਾਨ-ਘਰਾਂ ਆਦਿ ਦੀ ਨਿਸ਼ਚਿਤ ਵਿਉਂਤ ਤੋਂ ਇਹ ਪ੍ਰਮਾਣ ਮਿਲਦੇ ਹਨ ਕਿ ਇਹ ਸੱਭਿਅਤਾ ਉਸ ਜ਼ਮਾਨੇ ਦੇ ਹਿਸਾਬ ਨਾਲ ਬਹੁਤ ਵਿਕਸਿਤ ਸੀ। ਆਰੀਆ ਲੋਕਾਂ ਨੇ ਲਗਪਗ 1500-3000 ਈਸਵੀ ਪੂਰਵ ਦੇ ਸਮੇਂ ਵਿੱਚ ਇਸ ਖਿੱਤੇ ਵਿੱਚ ਪ੍ਰਵੇਸ਼ ਕੀਤਾ। ਉਹ ਵੱਖ-ਵੱਖ ਸਮਿਆਂ ਵਿੱਚ ਵੱਖ-ਵੱਖ ਟੋਲਿਆਂ ਦੇ ਰੂਪ ਵਿੱਚ ਆਏ। ਇਸ ਦੌਰ ਵਿੱਚ ਪੰਜਾਬ ਦੇ ਇਸ ਖਿੱਤੇ ਵਿੱਚ ਆਰੀਆ ਸੱਭਿਆਚਾਰ ਦਾ ਆਰੰਭ ਹੁੰਦਾ ਹੈ, ਜਿਸ ਨੇ ਸੰਸਾਰ ਨੂੰ ਸੱਭਿਆਚਾਰਕ ਪੱਖ ਤੋਂ ਮਹਾਨ ਯੋਗਦਾਨ ਦਿੱਤਾ।

**ਖੇਦ**

ਮੈਗਜ਼ੀਨ ਦੇ ਅੰਕ ਮਾਰਚ 2025 ਦੇ ਸਫ਼ਾ ਨੰਬਰ 6 'ਤੇ ਛਪੇ ਲੇਖ ਦੇ ਸਿਰਲੇਖ ਵਿਚ ਸ਼ਬਦ ਲਾਗਾ ਦੀ ਜਗ੍ਹਾ ਛਪਾਈ ਗਲਤੀ ਕਾਰਨ ਸ਼ਬਦ ਲਾਲਾ ਛਪ ਗਿਆ ਹੈ। ਅਨਜਾਣੇ ਵਿਚ ਹੋਈ ਗਲਤੀ ਲਈ ਖਿਮਾ ਜਾਚਨਾ ਕਰਦੇ ਹਾਂ।

**- ਸੰਪਾਦਕ**

**ਕਿਤਾਬਾਂ ਤੋਂ ਬਿਨਾਂ ਕਮਰਾ, ਆਤਮਾ ਤੋਂ ਬਿਨਾਂ ਸਰੀਰ ਵਾਂਗ ਹੈ।**

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

**ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**
**- ਭਗਵਾਨ ਸਿੰਘ ਲੁਬਾਣਾ**

30.

**ਵੁਹ ਦੇਖੋ ਰਨ ਮੇਂ ਤੇਗ਼ ਬਹਾਦਰ ਕਾ ਲਾਲ ਹੈ।**
**ਵੁਹ ਦੇਖੋ ਬਨ ਮੇਂ ਸਰਵਰਿ ਫ਼ੌਜਿ ਅਕਾਲ ਹੈ।**
**ਤਲਵਾਰ ਦਸਤਿ-ਰਾਸਤ ਮੇਂ ਹੈ, ਚਪ ਮੇਂ ਢਾਲ ਹੈ।**
**ਸੂਰਜ ਕੇ ਸਰ ਪੇ ਬਦਰ ਭੀ ਹੈ, ਔਰ ਹਲਾਲ ਹੈ।**
**ਸ਼ਮਸ਼ੀਰ ਜਬ ਹਿਲਾਈ ਤੋਂ ਬਿਜਲੀ ਚਮਕ ਗਈ।**
**ਦਹਸ਼ਤ ਸੇ ਸਾਰੀ ਫ਼ੌਜ ਅਦੂ ਕੀ ਦਬਕ ਗਈ।**

ਉਹ ਵੇਖੋ, ਰਣ-ਖੇਤਰ ਵਿਚ ਗੁਰੂ ਤੇਗ ਬਹਾਦਰ ਜੀ ਦਾ ਸਪੁੱਤਰ।ਅਕਾਲ ਪੁਰਖ ਦੀ ਖ਼ਾਲਸਾ ਫ਼ੌਜ ਦਾ ਸਰਦਾਰ ਕਿਵੇਂ ਡਟਿਆ ਹੋਇਆ ਹੈ।ਆਪ ਜੀ ਦੇ ਸੱਜੇ ਹੱਥ ਵਿਚ ਤਲਵਾਰ ਅਤੇ ਖੱਬੇ ਹੱਥ ਵਿਚ ਢਾਲ ਪਕੜੀ ਹੋਈ ਹੈ। ਇੰਜ ਪ੍ਰਤੀਤ ਦਿੰਦਾ ਹੈ ਕਿ ਜਿਵੇਂ ਸੂਰਜ ਦੇ ਸਿਰ ਉੱਤੇ ਚੰਦਰਮਾ ਹੈ ਅਤੇ ਉਹ ਵੀ ਪੂਰਾ ਪੁੰਨਿਆਂ ਦਾ ਚੰਦ। ਸਤਿਗੁਰਾਂ ਨੇ ਜਿਵੇਂ ਹੀ ਹੱਥ ਵਿਚ ਪਕੜੀ ਹੋਈ ਸ਼ਮਸ਼ੀਰ ਨੂੰ ਹਿਲਾਇਆ, ਬਿਜਲੀ ਵਰਗੀ ਚਮਕ ਦੇ ਡਰ ਨਾਲ ਦੁਸ਼ਮਣਾਂ ਦੀ ਸਾਰੀ ਫ਼ੌਜ ਘਬਰਾ ਗਈ।

31.

**ਸਤਿਗੁਰ ਕੋ ਦੇਖ ਪੜ ਗਈ, ਦੁਸ਼ਮਨ ਮੇਂ ਖ਼ਲਬਲੀ।**
**ਨਾਜ਼ਮ ਕੋ ਇਜ਼ਤਬਾਰ ਥਾ, ਰਾਜੋਂ ਕੀ ਬੇਕਲੀ।**
**ਕਹਤੇ ਥੇ ਇਨ ਕੀ ਜਬ ਕਭੀ ਤਲਵਾਰ ਹੈ ਚਲੀ।**
**ਸਰ ਲੇ ਕੇ ਫਿਰ ਹਜ਼ਾਰੋਂ ਕੇ ਹੀ, ਹੈ ਬਲਾ ਟਲੀ।**
**ਜਾਨੋਂ ਕੀ ਖ਼ੈਰ ਚਾਹਤੇ ਹੋ, ਮਿਲ ਕੇ ਘੇਰ ਲੋ।**
**ਕਿਸਮਤ ਚਲੀ ਹੈ ਹਾਥ ਸੇ, ਫਿਰ ਉਸ ਕੋ ਫੇਰ ਲੋ।**

ਸਤਿਗੁਰਾਂ ਦਾ ਤਪ-ਤੇਜ਼ ਵੇਖ ਕੇ ਵੈਰੀ ਦਲਾਂ ਵਿਚ ਅਫਰਾ-ਦਫਰੀ ਮੱਚ ਗਈ। ਨਾਜ਼ਿਮ ਪਰੇਸ਼ਾਨ ਅਤੇ ਰਾਜੇ ਬੇਚੈਨ ਹੋ ਉੱਠੇ। ਸਭ ਇਹੋ ਆਖ ਰਹੇ ਸਨ ਕਿ ਜਦੋਂ ਕਦੀ ਵੀ ਗੁਰੂ ਸਾਹਿਬ ਦੀ ਤਲਵਾਰ ਚੱਲੀ ਹੈ, ਹਜ਼ਾਰਾਂ ਸਿਰਾਂ ਦੀ ਬਲੀ ਲੈ ਕੇ ਹੀ ਇਸ ਦੀ ਪਿਆਸ ਬੁਝੀ ਹੈ। ਜੇਕਰ ਜਾਨਾਂ ਪਿਆਰੀਆਂ ਹਨ ਤਾਂ ਇਕੱਠੇ ਹੋ ਕੇ ਗੁਰੂ ਨੂੰ ਘੇਰ ਲਵੋ, ਵਰਨਾ ਕਿਸਮਤ ਹੱਥਾਂ ਵਿਚੋਂ ਜਾਂਦੀ ਲੱਗਦੀ ਹੈ, ਜਾਂ ਫਿਰ ਇਸ ਨੂੰ ਪੁੱਠਾ ਗੇੜ ਦੇ ਲਵੋ।

32.

**ਸੁਨ ਕਰ ਯਿਹ ਬਾਤ ਟੂਟ ਪੜੇ ਮਿਲ ਕੇ ਅਹਲਿ ਕੀ।**
**ਹਮਲਾ ਕੀਆ ਵੁਹ ਸਖ਼ਤ ਕਿ ਥਰਰਾ ਗਈ ਜ਼ਿਮੀਂ।**
**ਹੋ ਜਾਤਾ ਜ਼ੋਰ ਇਸ ਘੜੀ ਰੁਸਤਮ ਭੀ ਬਿਲ ਯਕੀਂ।**
**ਨਰਗਾ ਮੇਂ ਆ ਕੇ ਸਤਿਗੁਰੂ, ਘਬਰਾਏ ਤਕ ਨਹੀਂ।**
**ਇਕ ਢਾਲ ਪੇ ਹਜ਼ਾਰੋਂ ਕੇ ਰੋਕੇ ਹਜ਼ਾਰ ਵਾਰ।**
**ਤਲਵਾਰ ਜਬ ਉਠਾਈ ਤੋ ਭਾਗੇ ਕਤਾਰਵਾਰ।**

ਇਹ ਗੱਲ ਸੁਣ ਕੇ ਵੈਰੀ ਇਕੱਠੇ ਹੋ ਕੇ ਸਤਿਗੁਰਾਂ 'ਤੇ ਟੁੱਟ ਕੇ ਪੈ ਗਏ। ਇਹ ਹਮਲਾ ਇਤਨਾ ਸਖ਼ਤ ਸੀ ਕਿ ਸਾਰੀ ਧਰਤੀ ਥਰ-ਥਰਾ ਉੱਠੀ। ਜੇਕਰ ਇਸ ਸਮੇਂ ਰੁਸਮਤ ਵੀ ਮੌਕੇ 'ਤੇ ਹੁੰਦਾ ਤਾਂ ਯਕੀਨਨ ਉਸ ਨੇ ਵੀ ਹੈਰਾਨ ਰਹਿ ਜਾਣਾ ਸੀ। ਲੇਕਿਨ ਅਫ਼ਰੀਨ ਹੈ ਸਤਿਗੁਰਾਂ ਦੀ ਦਲੇਰੀ ਦੇ, ਜੋ ਦੁਸ਼ਮਣ ਦੇ

ਘੇਰੇ ਵਿਚ ਵੀ ਬਿਲਕੁਲ ਨਹੀਂ ਘਬਰਾਏ। ਖੱਬੇ ਹੱਥ ਪਕੜੀ ਇਕ ਢਾਲ ਨਾਲ ਹੀ ਹਜ਼ਾਰਾਂ ਦੁਸ਼ਮਣਾਂ ਦੇ ਹਜ਼ਾਰਾਂ ਵਾਰ ਰੋਕੇ। ਫਿਰ ਜਦੋਂ ਸਤਿਗੁਰਾਂ ਨੇ ਤੇਗ਼ ਚਲਾਈ ਤਾਂ ਕਤਾਰਾਂ ਦੀਆਂ ਕਤਾਰਾਂ ਦੁਸ਼ਮਣ ਮੈਦਾਨ ਵਿਚੋਂ ਭੱਜ ਗਏ।

33.

**ਕਹਨੇ ਲਗੇ, ਗੁਰੂ ਤੋ ਜ਼ਯਾਲੇ ਬਲਾ ਕੇ ਹੈਂ।**
**ਸਭ ਦਾਉ ਘਾਤ ਯਾਦ ਇਨਹੇਂ ਫ਼ਨਿ-ਵਗ਼ਾ ਕੇ ਹੈਂ।**
**ਗੱਦੀ ਪੇ ਸੁਲਹ-ਕੁਲ ਹੈਂ ਤੋ ਰਨ ਮੇਂ ਲੜਾਕੇ ਹੈਂ।**
**ਬੜ੍ਹ-ਚੜ੍ਹ ਕੇ ਬਾਦਸ਼ਾਹੋਂ ਸੇ ਬੰਦੇ ਖ਼ੁਦਾ ਕੇ ਹੈਂ।**
**ਹਮ ਤੋ ਸਮਝ ਰਹੇ ਥੇ ਪਕੜ ਲੇਂਗੇ ਆਨ ਮੇਂ।**
**ਸਾਬਤ ਹੁਏ ਯਿਹ ਸ਼ੇਰ, ਮਗਰ ਇਮਤਿਹਾਨ ਮੇਂ।**

ਸਤਿਗੁਰਾਂ ਦੇ ਜੌਹਰ ਵੇਖ ਕੇ ਵੈਰੀ ਆਖ ਰਹੇ ਹਨ ਕਿ ਗੁਰੂ ਤਾਂ ਆਖਰਾਂ ਦੇ ਯੋਧੇ ਹਨ, ਜਿਨ੍ਹਾਂ ਨੂੰ ਜੰਗ ਦੇ ਕੁੱਲ ਦਾਉ-ਪੇਚ ਆਉਂਦੇ ਹਨ। ਜੇਕਰ ਆਪ ਗੁਰਿਆਈ ਦੇ ਤਖ਼ਤ ਉਤੇ ਬੈਠ ਕੇ ਸੁਲਹ-ਸਫ਼ਾਈ ਦੀ ਗੱਲ ਕਰਦੇ ਹਨ ਤਾਂ ਮੈਦਾਨੇ-ਜੰਗ ਵਿਚ ਆ ਕੇ ਯੁੱਧ ਵੀ ਖ਼ੂਬ ਕਰਦੇ ਹਨ। ਆਪ ਪਰਮੇਸ਼ਰ ਦੇ ਪਿਆਰੇ ਹਨ ਅਤੇ ਸ਼ਾਨੋ-ਸ਼ੌਕਤ ਵਿਚ ਦੁਨਿਆਵੀ ਬਾਦਸ਼ਾਹਾਂ ਨੂੰ ਵੀ ਮਾਤ ਪਾਉਂਦੇ ਹਨ। ਸਾਡੀ ਤਾਂ ਇਹੋ ਸੋਚ ਸੀ ਕਿ ਘੜੀ-ਪਲ ਵਿਚ ਇਨ੍ਹਾਂ ਨੂੰ ਫੜ ਲਵਾਂਗੇ, ਲੇਕਿਨ ਇਮਤਿਹਾਨ ਵਿਚ ਆਪ ਪੂਰੀ ਤਰ੍ਹਾਂ ਸ਼ੇਰ ਸਿੱਧ ਹੋਏ ਹਨ।

34.

**ਸਤਿਗੁਰ ਕੇ ਰਾਜਪੂਤੋਂ ਕੇ ਛੱਕੇ ਛੁੜਾ ਦੀਏ।**
**ਮੁਗ਼ਲੋਂ ਨੇ ਵਲਵਲੇ ਭੀ ਜੁ ਥੇ ਸਭ ਮਿਟਾ ਦੀਏ।**
**ਦੁਸ਼ਮਨ ਕੋ ਅਪਨੀ ਤੇਗ਼ ਕੇ ਜੌਹਰ ਦਿਖਾ ਦੀਏ।**
**ਕੁਸ਼ਤੋਂ ਕੀ ਏਕ ਆਨ ਮੇਂ ਪੁਸ਼ਤੇ ਲਗਾ ਦੀਏ।**
**ਰਾਜਾ ਜੋ ਚੜ੍ਹ ਕੇ ਆਏ ਥੇ, ਬਾਹਰ ਪਹਾੜ ਸੇ।**
**ਪਛਤਾ ਰਹੇ ਥੇ ਜੀ ਮੇਂ ਗੁਰੂ ਕੀ ਲਤਾੜ ਸੇ।**

ਸਤਿਗੁਰਾਂ ਨੇ ਹਮਲਾਵਰ ਰਾਜਪੂਤਾਂ ਦੇ ਤਾਂ ਛੱਕੇ ਹੀ ਛੁਡਾ ਦਿੱਤੇ ਸਨ। ਮੁਗ਼ਲਾਂ ਨੇ ਵੀ ਆਪਣੇ ਦਿਲ ਦੇ ਗੁਬਾਰ ਕੱਢ ਲਏ ਸਨ। ਗੁਰੂ ਜੀ ਨੇ ਦੁਸ਼ਮਣਾਂ ਨੂੰ ਤਲਵਾਰਬਾਜ਼ੀ ਦੇ ਚੰਗੇ ਕਰਤਬ ਵਿਖਾਏ ਅਤੇ ਵਹਿੰਦੇ-ਵਹਿੰਦੇ ਮੁਰਦਿਆਂ ਦੇ ਚੰਗੇ ਢੇਰ ਲੱਗ ਗਏ। ਜੋ ਪਹਾੜੀ ਰਿਆਸਤਾਂ ਦੇ ਰਾਜੇ ਗੁਰੂ ਜੀ ਉੱਤੇ ਚੜ੍ਹ ਕੇ ਆਏ ਸਨ, ਗੁਰੂ ਜੀ ਵੱਲੋਂ ਦਿੱਤੀ ਗਈ ਟੱਕਰ ਕਾਰਨ ਡਾਢੇ ਪਛਤਾ ਰਹੇ ਸਨ।

(ਚਲਦਾ)

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸ਼ਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਉਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

ਦੇਸ਼ ਦੀ ਵੰਡ ਮਗਰੋਂ ਇਨ੍ਹਾਂ ਨੇ ਪੂਰਬੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ, ਜਿਥੇ ਕਿ ਗੁਜਰਾਤ ਅਤੇ ਸ਼ੇਖੂਪੁਰੇ ਦੇ ਜ਼ਿਲ੍ਹੇ ਤੋਂ ਆਏ ਕਾਫੀ ਲੋਕ ਵੱਸ ਗਏ ਸਨ, ਦੋ ਹਾਈ ਸਕੂਲ ਖੋਹਲੇ। ਇਸੇ ਤਰ੍ਹਾਂ ਕਈ ਹੋਰ ਅਖ਼ਬਾਰਾਂ ਵਾਲਿਆਂ ਨੇ ਭੀ ਆਪ ਜੀ ਨੂੰ ਬੜੇ ਪਿਆਰ ਨਾਲ ਸ਼ਰਧਾ ਦੇ ਫੁੱਲ ਭੇਟ ਕੀਤੇ।

### ਪੰਜਾਬ ਅਸੈਂਬਲੀ ਦੇ ਵਜ਼ੀਰਾਂ ਅਤੇ ਲੀਡਰਾਂ ਵੱਲੋਂ 28 ਫਰਵਰੀ, 1951 ਦੀ ਇਕੱਤਰਤਾ ਵਚਿ ਆਪ ਜੀ ਦੇ ਗੁਣਾਂ ਦਾ ਪ੍ਰਗਟਾਵਾ ਤੇ ਸ਼ਰਧਾਂਜ਼ਲੀਆਂ

ਸੰਤ ਬਾਬਾ ਪ੍ਰੇਮ ਸਿੰਘ ਜੀ 1937 ਵਿਚ ਪਹਿਲੀ ਵੇਰ ਐਮ.ਐਲ.ਏ. ਬਣੇ। ਫਿਰ 1945 ਵਿਚ ਦੂਜੀ ਵੇਰ ਐਮ.ਐਲ.ਏ. ਬਣੇ ਤੇ ਆਪਣੀ ਮੌਤ ਤੱਕ ਅਰਥਾਤ 2 ਜੂਨ, 1950 ਤੱਕ ਐਮ.ਐਲ.ਏ. ਰਹੇ। ਇਸ ਲਈ ਇਤਨੇ ਸਾਲ ਮੈਂਬਰ ਹੋਣ ਦੇ ਨਾਤੇ ਆਪ ਜੀ ਦਾ ਨਾਮ ਸਿਆਸਤ ਵਿਚ ਭੀ ਚੰਗੇ ਨੀਤੀਵਾਨਾਂ ਵਿਚ ਗਿਣਿਆ ਗਿਆ। ਜਿਸ ਤਰ੍ਹਾਂ ਇਕ ਧਾਰਮਿਕ ਵਿਅਕਤੀ ਹੋਣ ਕਰਕੇ ਆਪ ਜੀ ਦਾ ਨਾਮ ਚੰਗੇ ਮਹਾਂਪੁਰਖਾਂ ਵਿਚ ਪ੍ਰਗਟ ਸੀ।

ਹੇਠ ਲਿਖੇ ਉੱਘੇ ਵਿਅਕਤੀਆਂ ਨੇ ਆਪ ਜੀ ਦੀ ਸਖ਼ਸ਼ੀਅਤ ਤੇ ਚਾਨਣਾ ਪਾਇਆ।

### ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗੋ

ਮਹੰਤ ਪ੍ਰੇਮ ਸਿੰਘ ਜੀ ਇੱਕ ਧਾਰਮਿਕ ਪੁਰਸ਼ ਸਨ, ਜਿਨ੍ਹਾਂ ਨੇ ਪਿਛੜੀਆਂ ਜਾਤੀਆਂ, ਖਾਸ ਕਰਕੇ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਬਹੁਤ ਕੁੱਝ ਕੀਤਾ। ਉਹ ਇਕ ਸਮਾਜ ਸੁਧਾਰਕ ਸਨ ਤੇ ਉਨ੍ਹਾਂ ਨੇ ਕੁਰੀਤੀਆਂ ਨੂੰ ਦੂਰ ਕਰਨ ਦਾ ਪ੍ਰਚਾਰ ਕੀਤਾ। ਇਹ ਗੁਜਰਾਤ ਜ਼ਿਲ੍ਹੇ ਦੇ ਵਸਨੀਕ ਸਨ ਅਤੇ ਇਨ੍ਹਾਂ ਨੇ ਰਫਿਊਜ਼ੀਆਂ ਦੀ ਅਤਿਅੰਤ ਸੇਵਾ ਕੀਤੀ। ਲੁਬਾਣੇ, ਜੋ ਕਿ ਪੰਜਾਬ ਵਿਚ ਇਕ ਮਹੱਤਵਪੂਰਨ ਮਾਰਸ਼ਲ ਕਬੀਲਾ ਸਨ, ਇਨ੍ਹਾਂ ਨੂੰ ਆਪਣਾ ਧਾਰਮਿਕ ਨੇਤਾ ਸਮਝਦੇ ਸਨ। ਸਾਰਾ ਜਗਤ, ਖਾਸ ਤੌਰ ਤੇ ਸਿੱਖ ਇਨ੍ਹਾਂ ਦਾ ਬੜਾ ਆਦਰ-ਮਾਣ ਕਰਦੇ ਸਨ।

### ਭੀਮ ਸੈਨ ਸੱਚਰ

ਮਹੰਤ ਪ੍ਰੇਮ ਸਿੰਘ ਜੀ ਇੱਕ ਸੁਲਝੇ ਹੋਏ ਪੁਰਸ਼ ਸਨ, ਜੋ ਕਿ ਅੱਜ ਸਾਡੇ ਵਿਚ ਨਹੀਂ ਹਨ, ਉਹ ਚੁੱਪ ਚਾਪ ਬਗੈਰ ਕਿਸੇ ਵਿਖਾਵੇ ਦੇ ਕੰਮ ਕਰਨ ਵਾਲੇ ਸਨ।

### ਸ. ਪ੍ਰਤਾਪ ਸਿੰਘ ਕੈਰੋਂ

ਮਹੰਤ ਪ੍ਰੇਮ ਸਿੰਘ ਅਸਲ ਵਿਚ ਦੇਵਤਾ ਸਨ। ਉਹ ਘੱਟ ਬੋਲਦੇ ਸਨ, ਪਰ ਉਨ੍ਹਾਂ ਦੇ ਦਿਲ ਵਿਚ ਹਰ ਇਕ ਲਈ ਅਥਾਹ ਪਿਆ ਸੀ। ਇਨ੍ਹਾਂ ਨੇ ਲੁਬਾਣਾ ਬਰਾਦਰੀ ਦੀ ਉੱਨਤੀ ਲਈ ਸੁਘੜ ਸੇਵਾ ਕੀਤੀ। ਆਪ ਜੀ ਦੇ ਵਿਛੜਨ ਨਾਲ ਮੇਰੇ ਖਿਆਲ ਵਿਚ ਇਸ ਬਰਾਦਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

### ਚੌਧਰੀ ਸੂਰਜ ਮਲ

ਮਹੰਤ ਪ੍ਰੇਮ ਸਿੰਘ ਜੀ ਵਰਗੇ ਪੁਰਸ਼ਾਂ ਦਾ ਚਲੇ ਜਾਣਾ ਸਿਰਫ਼ ਇਸ ਅਸੈਂਬਲੀ ਲਈ ਹੀ ਨਹੀਂ ਬਲਕਿ ਸਾਰੇ ਸੂਬੇ ਲਈ ਇਕ ਘਾਟਾ ਹੈ। ਮਹੰਤ ਪ੍ਰੇਮ ਸਿਘ ਸਾਡੇ ਇਕ ਪੁਰਾਣੇ ਮਿੱਤਰ ਸਨ। ਉਹ ਇਕ ਐਸੇ ਵਿਅਕਤੀ ਸਨ, ਜੋ ਸੂਬੇ ਦੇ ਲੋਕਾਂ ਦੀ ਭਲਾਈ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਸਨ।

### ਪ੍ਰਿਥਵੀ ਸਿੰਘ ਆਜ਼ਾਦ ਲੇਬਰ ਮਨਿਸਟਰ

ਮਹੰਤ ਪ੍ਰੇਮ ਸਿੰਘ ਪੱਛੜੇ ਵਰਗ ਦੇ ਪ੍ਰਤੀਨਿਧ ਸਨ, ਜਿਨ੍ਹਾਂ ਦੀ ਉੱਨਤੀ ਲਈ ਉਨ੍ਹਾਂ ਨੇ ਸਹੀ ਕੰਮ ਕੀਤਾ। ਅਸੀਂ ਐਸੇ ਸਿੱਧੇ-ਸਾਦੇ ਅਤੇ ਦਿਆਨਦਾਰ ਕਾਮੇ ਨੂੰ ਕਦੇ ਵੀ ਭੁੱਲ ਨਹੀਂ ਸਕਦੇ, ਕਿਉਂਕਿ ਉਨ੍ਹਾਂ ਦੇ ਜਾਣ ਨਾਲ ਜੋ ਖਲਾਅ ਵਾਪਰਿਆ ਹੈ, ਭਰਨਾ ਅਸੰਭਵ ਹੈ।

ਚਲਦਾ

● ● ●

**ਜੇ ਕਾਲ ਅਨਾਜ ਦਾ ਪੈ ਜਾਵੇ ਤਾਂ ਮਨੁੱਖ ਮਰਦਾ ਹੈ, ਜੇਕਰ ਕਦਰਾਂ-ਕੀਮਤਾਂ ਦਾ ਕਾਲ ਪੈ ਜਾਵੇ ਤਾਂ ਮਨੁੱਖਤਾ ਮਰਦੀ ਹੈ।**

# ਨਾਟਕ ਹੀ ਨਾਟਕ

**ਸਤਵਿੰਦਰ ਸਿੰਘ ਬੇਗੋਵਾਲੀਆ**

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਸਨਮ** : ਇਸ ਦੁਨੀਆਂ ਵਿਚ ਬੜੇ ਬੜੇ ਨਲੈਕ ਬੰਦੇ ਚੰਗੀਆਂ ਚੰਗੀਆਂ ਕੁਰਸੀਆਂ 'ਤੇ ਬੈਠੇ ਨੇ। ਮੈਂ ਤਾਂ ਤੁਹਾਨੂੰ ਬਹੁਤ ਸਿਆਣੀ ਤੇ ਸੁਲਝੀ ਔਰਤ ਸਮਝਦਾਂ।

**ਵੀਰੋ** : ਮੈਂ ਸਿਆਣੀ? ਨਾ ਭਰਾਵਾ ਨਾ, ਅਸੀਂ ਤਾਂ ਮਾੜਾ ਮੋਟਾ ਬਕਵਾਸ ਕਰ ਲਈਦੈ।

**ਸਨਮ** : ਅਸੀਂ ਤਾਂ ਤੁਹਾਡੇ ਕੋਲੋਂ ਕਦੇ ਬਕਵਾਸਬਾਜ਼ੀ ਵਗੈਰਾ ਸੁਣੀ ਨਹੀਂ।

**ਵੀਰੋ** : ਹੁਣੇ ਤਾਂ ਤੁਹਾਡੇ ਨਾਲ ਵਾਹ ਪਿਐ, ਸੁਣ ਸੁਣ ਕੇ ਰੱਜ ਜਾਉਗੇ ਸਾਡੀ ਬਕਵਾਸਬਾਜ਼ੀ।

**ਸਨਮ** : (ਗੱਲ ਪਰਤਦਾ ਹੋਇਆ) ਆਉਣ ਦਾ ਕਸ਼ਟ ਕਿਵੇਂ ਕੀਤੈ?

**ਵੀਰੋ** : ਕਾਹਦਾ ਕਸ਼ਟ? ਅਸੀਂ ਕਿਹੜਾ ਕਾਰ ਕਰਵਾ ਕੇ ਇਥੇ ਤੱਕ ਪਹੁੰਚੇ ਆਂ।

**ਸਨਮ** : ਤੁਸੀਂ ਬੈਠੋ ਪਲੀਜ਼, ਮੈਂ ਚਾਹ ਬਣਾ ਕੇ ਲਿਆਇਆ।

**ਵੀਰੋ** : ਨਾ ਜੀ ਬੈਠੇ ਰਹੋ, ਤੁਹਾਡੇ ਕੰਡੇਦਾਰ ਚਾਹ ਪੀ ਲਈ ਤਾਂ ਫਿਰ ਅਸੀਂ ਆਪਣੇ ਘਰ ਦੀ ਸੜੀ ਜਿਹੀ ਕਾਲੇ ਰੰਗ ਦੀ ਚਾਹ ਕਿਵੇਂ ਪਸੰਦ ਕਰਾਂਗੇ। ਚਾਹ ਨੂੰ ਛੱਡੋ ਜੀ, ਮੈਂ ਤਾਂ ਗੱਲ ਕਰਨ ਆਈ ਸੀ ਲੋਕਾਂ ਦੀ.....

**ਸਨਮ** : ਕੀ ਕਹਿੰਦੇ ਨੇ ਲੋਕ?

**ਵੀਰੋ** : ਕਿਸੇ ਗਲੀ ਵਿਚੋਂ ਦੀ ਲੰਘਾਂ ਤਾਂ ਮੈਨੂੰ ਸੁਣਾ ਸੁਣਾ ਕਹਿੰਦੇ ਨੇ–'ਔਹ ਗਈ ਡੋਲੀ ਦੀ ਮਾਂ, ਉਹ ਗਈ ਡੋਲੀ ਦੀ ਮਾਂ।'

**ਸਨਮ** : (ਹੈਰਾਨ ਹੋ ਕੇ) ਡੋਲੀ ਦੀ ਮਾਂ?

**ਵੀਰੋ** : ਭੁੱਲ ਗਏ ਆਪਣੇ ਨਾਟਕ ਨੂੰ, ਨਾਟਕ ਵਿਚ ਡੋਲੀ ਦਾ ਰੋਲ ਆਪਣੀ ਰੋਜ਼ੀ ਨੇ ਕੀਤਾ ਸੀ ਨਾ?

**ਸਨਮ** : ਹਾਂ ਹਾਂ, ਨਾਟਕ 'ਮਿੱਟੀ ਅਤੇ ਆਜ਼ਾਦੀ ਵਿਚ।'

**ਵੀਰੋ** : ਆਹੋ ਮਿੱਟੀ ਤੇ ਜਾਦੀ, ਚੰਗੀ ਮਿੱਟੀ ਲਾਈ ਸਾਨੂੰ ਇਸ ਨਾਟਕ ਨੇ ਕਿ ਸਾਡੀ 'ਜਾਦੀ' ਖਤਮ ਈ ਕਰਵਾ ਦਿੱਤੀ। ਹਰ ਕੋਈ ਲੁੰਡੀ ਬੁੱਚੀ ਮੈਨੂੰ ਸੁਣਾ ਸੁਣਾ ਕਹਿੰਦਾ ਏ ਡੋਲੀ ਦੀ ਮਾਂ।

**ਸਨਮ** : ਲੋਕਾਂ ਦੀ ਮੱਤ ਮਾਰੀ ਗਈ ਏ। ਇਹਨਾਂ ਨੂੰ ਬਾਕੀ ਸਾਰਾ ਨਾਟਕ ਭੁੱਲ ਗਿਆ ਤੇ ਰਹਿ ਗਈ ਯਾਦ ਸਿਰਫ਼ ਡੋਲੀ ਹੀ। ਸੰਤ ਸੰਤਾਲੀ ਵੇਲੇ ਦਾ ਖ਼ੂਨ ਖਰਾਬਾ ਵਿਖਾਇਆ ਗਿਆ ਸੀ ਨਾਟਕ ਵਿਚ। ਕੀ ਮਾੜਾ ਸੀ ਨਾਟਕ ਵਿਚ?

**ਵੀਰੋ** : ਨਾਟਕ ਵਿਚ ਤਾਂ ਸਿੱਖਿਆ ੜੀ ਸੀ ਪਰ ਲੋਕ ਕਲੈਹਣੇ ਨਹੀਂ ਨਾ ਸਮਝਦੇ। ਉਹ ਤਾਂ ਇਹੋ ਭੌਂਕਦੇ ਪਏ ਨੇ ਫਲਾਣੇ ਦੀ ਕੁੜੀ ਨੇ ਨਾਟਕ ਵਿਚ ਘੱਗਰਾ ਪਾਇਆ ਸੀ। ਤੁਸੀਂ ਤਾਂ ਨਾਟਕ ਖਿਡਾ ਕੇ ਬਹਿ ਗਏ ਅੰਦਰ ਰਮਾਣ ਨਾਲ। ਅਸੀਂ ਕਿਹਦੇ ਕਿਹਦੇ ਨਾਲ ਮੱਥਾ ਮਾਰੀਏ?


**ਸਨਮ** : ਲੋਕ ਦੋ ਚਾਰ ਦਿਨ ਜਬਾਨ ਚਲਾ ਕੇ ਆਪੇ ਚੁੱਪ ਹੋ ਜਾਣਗੇ।

**ਵੀਰੋ** : ਲੋਕ ਜਾਂਦੇ ਨੇ ਬੁਰੇ ਦੇ ਘਰ ਤੱਕ। ਚੋਭਰਾਂ ਦੀ ਬਿੱਲੋ ਡਰਾਮਿਆਂ ਵਿਚ ਕੰਮ ਕਰਦੀ ਰਹੀ, ਫਿਰ ਟੀ.ਵੀ. 'ਤੇ ਵੀ ਆਈ। ਆਪਣੀ ਜਾਤ ਦੇ ਕਿਸੇ ਮੁੰਡੇ ਨੇ ਉਹਦੇ ਨਾਲ ਵਿਆਹ ਨਾ ਕਰਾਇਆ।

**(ਚਲਦਾ)**

# ਕੋਲੈਸਟਰੋਲ ’ਤੇ ਨਿਯੰਤਰਣ : ਖ਼ੁਰਾਕ ਅਤੇ ਕਸਰਤ

ਨਵਪ੍ਰੀਤ ਕੌਰ



ਸਾਡੇ ਸਰੀਰ ਵਿਚ ਕੋਲੈਸਟਰੋਲ ਕੁਦਰਤੀ ਤੌਰ ’ਤੇ ਜਿਗਰ ਦੁਆਰਾ ਪੈਦਾ ਕੀਤਾ ਜਾਂਦਾ ਹੈ ਅਤੇ ਖ਼ੂਨ ਰਾਹੀਂ ਦੌਰਾ ਕਰਦਾ ਹੈ। ਸਰੀਰ ਨੂੰ ਥੋੜ੍ਹੀ ਮਾਤਰਾ ਵਿਚ ਕੋਲੈਸਟਰੋਲ ਦੀ ਜ਼ਰੂਰਤ ਹੁੰਦੀ ਹੈ :

* ਕੋਲੈਸਟਰੋਲ ਦੀ ਮੱਦਦ ਨਾਲ ਸਰੀਰ ਵਿਚ ਹਾਰਮੋਨ ਦੀ ਪੈਦਾਵਾਰ ਹੁੰਦੀ ਹੈ।

* ਸਰੀਰ ਨੂੰ ਵਿਟਾਮਿਨ ਡੀ ਪੈਦਾ ਕਰਨ ਲਈ ਵੀ ਕੋਲੈਸਟਰੋਲ ਦੀ ਜ਼ਰੂਰਤ ਹੁੰਦੀ ਹੈ।

* ਪਾਚਨ ਪ੍ਰਣਾਲੀ ਵਿਚ ਕੋਲੈਸਟਰੋਲ ਜ਼ਰੂਰੀ ਤੇਜ਼ਾਬ ਪੈਦਾ ਕਰਕੇ ਸਰੀਰ ਨੂੰ ਭੋਜਨ ਪਚਾਉਣ ਅਤੇ ਜ਼ਰੂਰੀ ਤੱਤ ਸੋਖਣ ਵਿਚ ਮੱਦਦ ਕਰਦਾ ਹੈ।

ਪਰ ਸਰੀਰ ਦੀ ਇਹ ਜ਼ਰੂਰਤ ਪੂਰੀ ਕਰਨ ਲਈ ਸਾਨੂੰ ਭੋਜਨ ਦੁਆਰਾ ਉਚੇਚਾ ਕੋਲੈਸਟਰੋਲ ਪ੍ਰਾਪਤ ਕਰਨ ਦੀ ਕੋਈ ਲੋੜ ਨਹੀਂ ਹੈ। ਸਾਡਾ ਸਰੀਰ ਜ਼ਰੂਰਤ ਮੁਤਾਬਕ ਲੋੜੀਂਦਾ ਕੋਲੈਸਟਰੋਲ ਆਪ ਹੀ ਪੈਦਾ ਕਰ ਸਕਦਾ ਹੈ। ਖ਼ੂਨ ਵਿਚ ਕੋਲੈਸਟਰੋਲ ਦੀ ਜ਼ਿਆਦਾ ਮਾਤਰਾ ਹਾਨੀਕਾਰਕ ਸਾਬਤ ਹੋ ਸਕਦੀ ਹੈ। ਇਸ ਨਾਲ ਨਾੜਾਂ ਵਿਚ ਚਰਬੀ ਜਮ੍ਹਾਂ ਹੋਣ ਲੱਗਦੀ ਹੈ ਅਤੇ ਸਰੀਰ ਵਿਚ ਖ਼ੂਨ ਦੇ ਦੌਰੇ ਉੱਤੇ ਅਸਰ ਪੈਂਦਾ ਹੈ। ਜੇਕਰ ਇਸ ਚਰਬੀ ਨੂੰ ਘਟਾਉਣ ਦਾ ਯਤਨ ਨਾ ਕੀਤਾ ਜਾਵੇ ਤਾਂ ਇਹ ਦਿਲ ਦੇ ਰੋਗ ਅਤੇ ਸਟਰੋਕ ਦਾ ਕਾਰਨ ਵੀ ਬਣ ਸਕਦੀ ਹੈ।

**ਭੋਜਨ ਰਾਹੀਂ ਕੋਲੈਸਟਰੋਲ ਘਟਾਉਣ ਲਈ ਸੁਝਾਅ**

* ਹਰ ਰੋਜ਼ ਖਾਣੇ ਵਿਚ ਜ਼ਿਆਦਾ ਮਾਤਰਾ ਵਿਚ ਸਬਜ਼ੀਆਂ, ਫਲ, ਦਾਲਾਂ ਅਤੇ ਸਾਬਤ ਅਨਾਜ ਸ਼ਾਮਲ ਕਰੋ।

* ਘੱਟ ਜਾਂ ਬਿਨਾਂ ਚੰਦਿਆਲੀ ਦੇ ਦੁੱਧ, ਦਹੀਂ, ਪਨੀਰ ਆਦਿ ਦੀ ਵਰਤੋਂ ਕਰੋ।

* ਬਿਨਾਂ ਚਰਬੀ ਤੋਂ ਮੀਟ ਦਾ ਪ੍ਰਯੋਗ ਕਰੋ।

* ਹਫ਼ਤੇ ਵਿਚ ਘੱਟ ਤੋਂ ਘੱਟ ਦੋ ਵਾਰ ਮੱਛੀ ਦਾ ਸੇਵਨ ਕਰੋ।

* ਮੱਖਣ ਅਤੇ ਘਿਉ ਦੀ ਥਾਂ ਸਿਹਤਮੰਦ ਤੇਲ ਦੀ ਵਰਤੋਂ ਕਰੋ ਜਿਵੇਂ : ਜੈਤੂਨ ਦਾ ਤੇਲ, ਕਨੋਲਾ ਤੇਲ ਆਦਿ।

* ਖਾਣੇ ਵਿਚ ਕੁਝ ਮਾਤਰਾ ਵਿਚ ਫਲੀਆਂ, ਗਿਰੀਆਂ ਅਤੇ ਬੀਜ਼ ਵੀ ਸ਼ਾਮਲ ਕਰੋ।

* ਆਂਡੇ ਦੀ ਜਰਦੀ ਵਿਚ ਕੈਲੋਸਟਰੋਲ ਦੀ ਮਾਤਰਾ ਕਾਫ਼ੀ ਹੁੰਦੀ ਹੈ ਪਰ ਇਕ ਸਿਹਤਮੰਦ ਖ਼ੁਰਾਕ ਵਿਚ ਸੰਜਮ ਨਾਲ ਸ਼ਾਮਲ ਕੀਤੇ (ਹਫ਼ਤੇ ਵਿਚ 6 ਤੱਕ) ਆਂਡੇ ਖ਼ੂਨ ਵਿਚ ਕੋਲੈਸਟਰੋਲ ਦੇ ਪੱਧਰ ’ਤੇ ਕੋਈ ਬੁਰਾ ਪ੍ਰਭਾਵ ਨਹੀਂ ਪਾਉਂਦੇ।

* ਕੁਝ ਖਾਦ ਪਦਾਰਥ ਖ਼ੂਨ ਵਿਚ ਕੋਲੈਸਟਰੋਲ ਘੱਟ ਕਰਨ ਵਿਚ ਵੀ ਮੱਦਦ ਕਰ ਸਕਦੇ ਹਨ :

(1) ਸੂਰਜਮੁਖੀ ਦਾ ਤੇਲ, ਕਨੋਲਾ ਤੇਲ

(2) ਜੌਂ ਅਤੇ ਫਲੀਆਂ

(3) ਲਸਣ

* ਬਾਜ਼ਾਰੀ, ਤਲਿਆ ਭੋਜਨ, ਕੇਕ, ਬਿਸਕੁਟ ਆਦਿ ਜ਼ਿਆਦਾ ਚੰਦਿਆਈ ਵਾਲੇ ਖਾਣੇ ਦਾ ਸੇਵਨ ਘੱਟ ਕਰੋ।

* ਸ਼ਰਾਬ ਅਤੇ ਸਿਗਰਟ ਦਾ ਉਪਭੋਗ ਘਟਾਉਣ ਨਾਲ ਵੀ ਕੋਲੈਸਟਰੋਲ ਦੇ ਨਿਯੰਤਰਣ ਵਿਚ ਸਹਾਇਤਾ ਮਿਲ ਸਕਦੀ ਹੈ।

ਸਿਹਤਮੰਦ ਖ਼ੁਰਾਕ ਦੇ ਨਾਲ ਇਕ ਸਰਗਰਮ ਜੀਵਨ ਸ਼ੈਲੀ ਵੀ



ਕੋਲੈਸਟਰੋਲ ਘਟਾਉਣ ਲਈ ਬਹੁਤ ਜ਼ਰੂਰੀ ਹੈ। ਕਸਰਤ ਖ਼ੂਨ ਵਿਚ ਕੋਲੈਸਟਰੋਲ ਦੀ ਮਾਤਰਾ ਘਟਾਉਂਦੀ ਹੈ ਅਤੇ ਇਸ ਨਾਲ ਦਿਲ ਦੀ ਬਿਮਾਰੀ ਦਾ ਖ਼ਤਰਾ ਵੀ ਘੱਟਦਾ ਹੈ ਕਿਉਂਕਿ ਕਸਰਤ

* ਊਰਜਾ ਦੀ ਖਪਤ ਕਰਕੇ ਭਾਰ ਘਟਾਉਂਦੀ ਹੈ।
* ਸ਼ੂਗਰ 'ਤੇ ਨਿਯੰਤਰਣ ਰੱਖਦੀ ਹੈ।
* ਬਲੱਡ ਪਰੈਸ਼ਰ ਘਟਾਉਂਦੀ ਹੈ।
* ਦਿਲ ਦੀ ਧੜਕਣ ਵਧਾ ਕੇ ਦਿਲ ਨੂੰ ਮਜ਼ਬੂਤ ਬਣਾਉਂਦੀ ਹੈ।
* ਸਾਹ ਲੈਣ ਦੀ ਦਰ ਵਧਾ ਕੇ ਸਰੀਰ ਨੂੰ ਜ਼ਿਆਦਾ ਆਕਸੀਜਨ ਪ੍ਰਦਾਨ ਕਰਦੀ ਹੈ।

**ਕੋਲੈਸਟਰੋਲ ਘਟਾਉਣ ਲਈ ਲਾਭਕਾਰੀ ਕਸਰਤ**

ਹਰ ਕਿਸਮ ਦੀ ਕਸਰਤ ਅਤੇ ਸਰੀਰਕ ਗਤੀਵਿਧੀ ਇਕ ਸਿਹਤਮੰਦ ਜੀਵਨ ਲਈ ਬਹੁਤ ਜ਼ਰੂਰੀ ਹੈ। ਪਰ ਸਰੀਰ ਦਾ ਵਜ਼ਨ ਜ਼ਿਆਦਾ ਹੋਣ ਅਤੇ ਕੋਲੈਸਟਰੋਲ ਵਧਣ ਦੀ ਹਾਲਤ ਵਿਚ ਭਾਰ ਘਟਾਉਣ ਲਈ ਦਿਲ ਦੀ ਧੜਕਣ ਵਧਾਉਣ ਵਾਲੀਆਂ ਕਸਰਤਾਂ ਜ਼ਿਆਦਾ ਲਾਭਕਾਰੀ ਹੋ ਸਕਦੀਆਂ ਹਨ ਕਿਉਂਕਿ ਇਨ੍ਹਾਂ ਕਸਰਤਾਂ ਦੌਰਾਨ ਊਰਜਾ ਦੀ ਖਪਤ ਵੱਧ ਹੁੰਦੀ ਹੈ। ਇਸ ਲਈ ਕੁਝ ਫਾਇਦੇਮੰਦ ਗਤੀਵਿਧੀਆਂ ਹਨ :

* ਤੇਜ਼ ਰਫ਼ਤਾਰ ਸੈਰ ਕਰਨੀ
* ਦੌੜਨਾ
* ਤੈਰਨਾ
* ਸਾਈਕਲ ਚਲਾਉਣੀ
* ਟੈਨਿਸ, ਬਾਸਕਟਬਾਲ ਜਾਂ ਕੋਈ ਹੋਰ ਖੇਡ ਖੇਡਣੀ

ਇਨ੍ਹਾਂ ਦੇ ਨਾਲ-ਨਾਲ ਕੁਝ ਸਰੀਰਕ ਤਾਕਤ ਵਧਾਉਣ ਵਾਲੀਆਂ ਕਸਰਤਾਂ ਵੀ ਲਾਭਵੰਦ ਹਨ ਕਿਉਂਕਿ ਇਨ੍ਹਾਂ ਨਾਲ ਮਾਸਪੇਸ਼ੀਆਂ ਦਾ ਮਾਪ ਵਧਦਾ ਹੈ ਅਤੇ ਊਰਜਾ ਦੀ ਖਪਤ ਹੁੰਦੀ ਹੈ। ਹਰ ਰੋਜ਼ ਘੱਟ ਤੋਂ ਘੱਟ 30 ਮਿੰਟ ਦਰਮਿਆਨੀ ਤੀਬਰਤਾ ਦੀ ਕਸਰਤ ਕੋਲੈਸਟਰੋਲ ਦੇ ਨਿਯੰਤਰਣ ਲਈ ਜ਼ਰੂਰੀ ਹੈ।

**ਕੁਝ ਸੁਝਾਅ**

* ਕੋਈ ਵੀ ਨਵੀਂ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ।
* ਕਸਰਤ ਹਮੇਸ਼ਾ ਘੱਟ ਸਮੇਂ ਅਤੇ ਘੱਟ ਤੀਬਰਤਾ ਤੋਂ ਹੀ ਸ਼ੁਰੂ ਕਰੋ ਅਤੇ ਹੌਲੀ-ਹੌਲੀ ਵਧਾਉਂਦੇ ਜਾਓ।
* ਰੋਜ਼ਾਨਾ ਜੀਵਨ ਵਿਚ ਵੀ ਸਰੀਰਕ ਸਰਗਰਮੀ ਵਧਾਉਣ ਦੀ ਕੋਸ਼ਿਸ਼ ਕਰੋ ਜਿਵੇਂ ਕਿ ਬਾਗਬਾਨੀ ਕਰਨੀ, ਘਰ ਦੇ ਕੰਮ ਕਰਨੇ, ਲਿਫ਼ਟ ਦੀ ਜਗ੍ਹਾ ਪੌੜੀਆਂ ਦੀ ਵਰਤੋਂ ਕਰਨੀ ਆਦਿ।





# ਕਾਵਿ-ਕਿਆਰੀ



## ਕਵਿਤਾ / ਆਓ ਬਹਾਰਾਂ ਨੂੰ ਕਹੀਏ

**ਸੁਰਿੰਦਰ ਮਕਸੂਦਪੁਰੀ**



ਆਓ ਬਹਾਰਾਂ ਨੂੰ ਕਹੀਏ
ਜ਼ਰਾ ਰੁਕ ਜਾਓ
ਆਓ ਖੁਸ਼ੀਆਂ ਨੂੰ ਕਹੀਏ
ਜ਼ਰਾ ਥੰਮ੍ਹ ਜਾਓ
ਮਹਿਫ਼ਲ ਨੂੰ ਸਜਾਉਣ ਲਈ
ਬਾਗ਼ ਨੂੰ ਮਹਿਕਾਉਣ ਲਈ
ਪੱਤਝੜ ਦੇ ਟੁੱਟਦੇ-ਝੜਦੇ
ਹਾਰੇ-ਹੰਭੇ, ਸੁੱਕੇ-ਮੁੱਕੇ
ਗ਼ਮ ਦੇ ਪੀਲੇ ਪੱਤਿਆਂ ਦਾ
ਸੋਗੀ ਸੰਗੀਤ ਵੀ ਜ਼ਰੂਰੀ ਹੈ
ਖੁਸ਼ੀਆਂ ਦੇ ਖੇੜੇ ਨਾਲ
ਗ਼ਮਗੀਨ ਗੀਤ ਵੀ ਜ਼ਰੂਰੀ ਹੈ


ਆਓ ਜੀਵਨ ਦੇ
ਕੰਡਿਆਲੇ ਰਾਹ-ਰਸਤੇ ਚਲਦਿਆਂ
ਗਿਆਨ-ਵਿਗਿਆਨ ਦੀ ਜਗਿਆਸਾ ਨੂੰ
ਜਾਣਨ ਮਾਣਨ ਦਾ
ਹੀਲਾ ਵਸੀਲਾ ਕਰੀਏ
ਆਓ 'ਮਕਸੂਦਪੁਰੀ'
ਜ਼ਿੰਦਗੀ ਦੀ ਕੋਰੀ ਕੈਨਵਸ 'ਤੇ
ਤਲਖ਼ ਤਜਰਬਿਆਂ ਦੇ ਕੌੜੇ-ਮਿੱਠੇ
ਵੰਨ-ਸੁਵੰਨੇ ਰੰਗ ਭਰੀਏ
ਕਹੇ ਅਣਕਹੇ ਅਹਿਸਾਸਾਂ ਨੂੰ
ਸ਼ਬਦ-ਮਾਲਾ ਵਿਚ ਜੜੀਏ।

-234, ਸੁਦਰਸ਼ਨ ਪਾਰਕ,
ਮਕਸੂਦਾਂ, ਜਲੰਧਰ-144021,
ਮੋ. 99887-10234

*****

## ਕਵਿਤਾ/ ਮਿਰੇ ਮੌਲਾ

**ਰਤਨ ਟਾਹਲਵੀ**



ਮਿਰੇ ਮੌਲਾ ! ਮਹੀਨੇ ਸਾਉਣ ਵਿਚ ਰਹਿਮਤ ਕਰੋ ਥਲ 'ਤੇ।
ਰਹੇ ਕੋਈ ਨਾ ਨਿਰਭਰ ਜੀਵ ਥਲ ਥੱਲੇ ਪਏ ਜਲ 'ਤੇ।

ਜੋ ਮੇਂਡਕ ਸਾਉਣ ਦੀ ਰੁੱਤੇ, ਅਲਾਪਣ ਰਾਗ ਮਨਮੋਹਣਾ,
ਝੜੀ ਦੀ ਆਸ 'ਤੇ ਬੈਠੇ ਇਹ ਗਾਵਣ ਰਾਗ ਪਲ ਪਲ 'ਤੇ।

ਨਾ ਕਿਧਰੇ ਦਿਸ ਰਿਹੈ ਪਾਣੀ, ਦਿਸੇ ਕਿਧਰੇ ਨਾ ਹਰਿਆਵਲ,
ਕਦੋਂ ਰਹਿਮਤ ਤਿਰੀ ਹੋਵੇ ਸਜ਼ਰ ਦੀ ਸ਼ਾਖ, ਫੁਲ, ਫਲ 'ਤੇ।

ਕਦੇ ਜ਼ਰਖੇਜ਼ ਧਰਤੀ ਸੀ ਜੋ ਬੰਜਰ ਹੋ ਗਈ ਸਾਥੋਂ,
ਬਚਾਓ ਜਲ ਦੁਹਾਈ ਦੇ ਰਹੇ ਹਾਂ ਯਾਰ ਗਲ ਗਲ 'ਤੇ।

'ਰਤਨ' ਜੇ ਇਸ ਤਰ੍ਹਾਂ ਦੀ ਹੀ ਹਵਾ ਚਲਦੀ ਰਹੀ ਜਗ 'ਤੇ,
ਉਗਣਗੇ ਫੇਰ ਪੱਥਰ 'ਤੇ ਹੀ ਪੱਥਰ ਏਸ ਦਲ ਦਲ 'ਤੇ।

* * * * *

## ਮੈਂ ਲਿਖ ਲੈਂਦਾ ਹਾਂ

ਮੈਂ ਲਿਖ ਲੈਂਦਾ ਹਾਂ,
ਜਦੋਂ ਧੁੱਪ ਹੁੰਦੀ ਏ,
ਪਿਆਰ ਦੀ ਰੁੱਤ ਹੁੰਦੀ ਏ,
ਮਰਦੀ ਧੀ ਵਿਚ ਕੁੱਖ ਹੁੰਦੀ ਏ,
ਮੈਂ ਲਿਖ ਲੈਂਦਾ ਹਾਂ, ਜਦ ਰਾਤ ਹਨੇਰੀ ਘੁੱਪ ਹੁੰਦੀ ਏ।

ਮੈਂ ਲਿਖ ਲੈਂਦਾ ਹਾਂ,

**ਘੜੀਆਂ ਠੀਕ ਕਰਨ ਵਾਲੇ ਤਾਂ ਬਹੁਤ ਹਨ, ਪਰ ਸਮਾਂ ਤੇ ਹਾਲਾਤ ਤਾਂ ਵਾਹਿਗੁਰੂ ਨੇ ਹੀ ਠੀਕ ਕਰਨੇ ਹਨ।**

ਜਦੋਂ ਅੰਬਰੋਂ ਤਾਰਾ ਟੁੱਟਦਾ ਏ,
ਯਾਰ-ਯਾਰ ਨੂੰ ਲੁੱਟਦਾ ਏ,
ਕੋਈ ਪਿਉ ਦੀ ਦਾੜ੍ਹੀ ਪੁੱਟਦਾ ਏ,
ਮੈਂ ਲਿਖ ਲੈਂਦਾ ਹਾਂ, ਜਦੋਂ ਸੋਮਾ ਅੱਖੀਆਂ ਵਿਚੋਂ ਫੁੱਟਦਾ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਝੂਠ ਕੋਈ ਰੱਜ ਕੇ ਬੋਲਦਾ ਏ,
ਕਹਿਰ ਦੇ ਕੁਫ਼ਰ ਤੋਲਦਾ ਏ,
ਇਮਾਨ ਕਿਸੇ ਦਾ ਡੋਲਦਾ ਏ,
ਮੈਂ ਲਿਖ ਲੈਂਦਾ ਹਾਂ, ਜਦ ਕੋਈ ਪੈਸੇ ਦੀ ਬੋਲੀ ਬੋਲਦਾ ਏ।

ਮੈਂ ਲਿਖ ਲੈਂਦਾ ਹਾਂ,
ਜਦ ਰਿਸ਼ਵਤ ਕੋਈ ਮੰਗਦਾ ਏ,
ਸੱਚ ਨੂੰ ਫ਼ਾਂਸੀ ਟੰਗਦਾ ਏ,
ਰੰਗ ਨਕਲੀ ਚਿਹਰੇ ’ਤੇ ਰੰਗਦਾ ਏ,
ਮੈਂ ਲਿਖ ਲੈਂਦਾ ਹਾਂ, ਜਦ ਬਿਨ ਖੰਘ ਤੋਂ ਕੋਈ ਖੰਘਦਾ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਬਲੀ ਦਾਜ ਦੀ ਧੀ ਕੋਈ ਚੜ੍ਹਦੀ ਏ,
ਟੋਟੇ ਹੋ ਤੰਦੂਰ ’ਚ ਸੜਦੀ ਏ,
ਮਾਂ-ਪਿਉ ਦੇ ਕਹਿਣ ਤੇ ਪੱਲਾ ਫੜਦੀ ਏ,
ਮੈਂ ਲਿਖ ਲੈਂਦਾ ਹਾਂ, ਧੀ ਢਾਲ਼ ਜਦੋਂ ਬਣ ਖੜ੍ਹਦੀ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਡੋਲੀ ਕਿਸੇ ਦੀ ਸੱਜਦੀ ਏ,
ਅਰਥੀ ਨੂੰ ਅੱਗ ਲੱਗਦੀ ਏ,
ਜਦੋਂ ਉਲਟੀ ਗੰਗਾ ਵਗਦੀ ਏ,
ਮੈਂ ਲਿਖ ਲੈਂਦਾ ਹਾਂ, ਜਦੋਂ ਸੁੱਤੀ ਕਲਾ ਕੋਈ ਜਗਦੀ ਏ।

ਮੈਂ ਲਿਖ ਲੈਂਦਾ ਹਾਂ,
ਜਦ ਦੁੱਖ ਦੂਜਿਆਂ ਲਈ ਕੋਈ ਜਰਦਾ ਏ,
ਦੂਜੇ ਦੀ ਆਈ ਜਦੋਂ ਕੋਈ ਮਰਦਾ ਏ,
ਬੁਰੇ ਸਮੇਂ ’ਚ ਕੋਈ ਖੜ੍ਹਦਾ ਏ,
ਮੈਂ ਲਿਖ ਲੈਂਦਾ ਹਾਂ, ਜਦ ਕੋਈ ਜਿੱਤ ਕੇ ਬਾਜ਼ੀ ਹਰਦਾ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਕਮਲ ਚਿੱਕੜ ਵਿਚ ਉੱਗਦਾ ਏ,
ਅੱਤ ਦਾ ਸੂਰਜ ਡੁੱਬਦਾ ਏ,
ਜਦੋਂ ਤੀਰ ਬਿਰਹਾ ਦਾ ਚੁੱਭਦਾ ਏ,
ਮੈਂ ਲਿਖ ਲੈਂਦਾ ਹਾਂ, ਜਦੋਂ ਦੀਵਾ ਕਿਸੇ ਦਾ ਬੁੱਝਦਾ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਯਾਦ ਕਿਸੇ ਦੀ ਆਉਂਦੀ ਏ,
ਰਾਤਾਂ ਦੀ ਨੀਂਦ ਚੁਰਾਉਂਦੀ ਏ,
ਬਿਰਹਾ ਦੇ ਗੀਤ ਸੁਣਾਉਂਦੀ ਏ,
ਮੈਂ ਲਿਖ ਲੈਂਦਾ ਹਾਂ, ਜਦੋਂ ਝਾਂਜਰ ਕੋਈ ਛਣਕਾਉਂਦੀ ਏ।

ਮੈਂ ਲਿਖ ਲੈਂਦਾ ਹਾਂ,
ਜਦੋਂ ਪ੍ਰਦੇਸੀ ਪਿੰਡ ਨੂੰ ਆਉਂਦਾ ਏ,
ਮਿੱਟੀ ਪਿੰਡ ਦੀ ਮੱਥੇ ਲਾਉਂਦਾ ਏ,
ਸਰਹੱਦ ਤੇ ਫ਼ਰਜ਼ ਨਿਭਾਉਂਦਾ ਏ,
ਲਿਖ ਲੈਂਦਾ ਉਦੋਂ ਜਲਾਲਪੁਰੀ,
ਜਦੋਂ ਕਫ਼ਨ ਤਰੰਗਾ ਕੋਈ ਸਜਾਉਂਦਾ ਏ।




**ਸੁਖਵਿੰਦਰ ਸਿੰਘ ‘ਜਲਾਲਪੁਰੀ’**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**


# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# Debit Card

Baljinder Kaur




Debit card is an electronic purse, which enables the holder to withdraw cash from an ATM and also allows him to purchase things or services. Debit card is a type of payment system in which we do not have to wait for days together or months for getting payments, rather payments are made instantly. The use of debit card payments has expanded rapidly over the past few years. A debit card also known as a check card or ATM cards is a card that is used to access money in a savings account.

Debit card look like credit cards but operate like cash. When debit card is used, money is subtracted directly from the bank account and money can be spent only up to the amount in that account. Debit cards can be used at automated taller machines and some types are also accepted at many grocery stores, retail stores, gas stations and restaurants.

There are two types of debit cards :

(a) Online debit cards are Personal Identification Number (PIN) based cards. The cardholder's ATM or check card, PIN and a magnetic stripe reader are used at the point of sale of provide fast, e fficient online processing of purchases. Online card based transactions are called Electronic Funds Transfers or EFTs.

(b) Off-line debit cards are signature based cards and are often referred to as check cards. They are available through bank and carry a credit card logo (such as visa or master card). Unlike debit transactions, off-line purchases are debited to the cardholder's account with 2 to 3 business days rather than immediately.

# HISTORY OF E-COMMERCE

The beginnings of e-commerce can be traced to the 1960, when businesses started using.

'Electronic Data Interchange' (EDI) to share business documents with other companies. In 1979, the American National Standards Institute developed ASC X12 as a universal standard for businesses to share documents through electronic network. After the number of individual users sharing electronic documents with each other grew In the 1980. In the 1990 the rise of eBay our Amazon revolutionized the e-commerce Industry. Consumers can now purchase endless amount of items online both from typical brick and mortar stores with e-commerce capabilities and one another.

**Yuvraj Singh**



# MATRIMONIAL



**AMRITDHARI GURSIKH BOY 33 YRS, 5'11", B.COM, MBA-HR, M.A IN MUSIC (VOCAL & INSTRUMENT) PERMANENT GOVT. JOB IN TRICITY. GIRL PREFERENCE FROM GURSIKH FAMILY. ELDER BROTHER MARRIED, FATHER RETD. FROM UNIVERSITY.OWN PERMANENT RESIDENCE IN CHANDIGARH. CONTACT: 98150-78627**

* * * * *

**SEEKING MATCH FOR JULY 90 BORN, 5'11", B.TECH MECH. ENGGINEER & JOB AS SME/QUALITY AUDITOR LUBANA SIKH BOY, FAMILY- FATHER – EX-SERVICEMAN, MOTHER – HOUSEWIFE, BROTHER - PRIVATE JOB. WELL SETTLED FAMILY AND PERMANENT RESIDENCCE IN MOHALI. CASTE NO BAR.CONTACT- 9041777073**

* * * * *

**SUITABLE MATCH FOR CHANDIGARH BASED ADVOCATE BOY D.OB. 20.06.1993 HIGHT 5.11 FATHER RETIRED CLASS ONE OFFICE, MOTHER WORKING AS CLASS ONE, SISTER MARRIED (DOCTOR). OWN TWO HOUSES IN CHANDIGARH CONTACT 9463743086,9463743070**

* * * * *

**LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED.WORKING GIRL CAST NO BAR. 9417145424, 8360907886**

* * * * *

**S. MANDEEP SINGH, D.O.B- 23-04-1992, EDUCATION-BCA / MCA, JOB- SOFTWARE DEVELOPER IN MNC IN MOHALI. HEIGHT-5'10", FATHER- RETIRED FROM ARMY AND RETIRED INSPECTOR, MOTHER- HOUSEWIFE, ELDER SISTER- ASSISTANT IN SBI BANK (MARRIED), ELDER BROTHER - MANAGER IN PNB BANK (MARRIED). RESIDENTS OF - JALANDHAR FUTURE GOING TO SETTLE IN CHANDIGARH. SALARY - 16+LACS PER ANNUMNON. REQUIRED SUITALE MATCH CONTACT : 81465-15549**

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਮਾਰਚ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਸ: ਜਸਵੰਤ ਸਿੰਘ ਬਿੱਟੂ, ਸਰਪੰਚ | 514 | 10,000/- | 29.03.2025 |
| | ਪਿੰਡ ਜਲਾਲਪੁਰ, ਹੁਸ਼ਿਆਰਪੁਰ। | | | |
| 2. | ਸ: ਸਿਕੰਦਰ ਸਿੰਘ | 518 | 10,000/- | 29.03.2025 |
| | ਪਿੰਡ ਜਲਾਲਪੁਰ, ਹੁਸ਼ਿਆਰਪੁਰ। (ਚੈਕ ਰਾਹੀ ਪ੍ਰਾਪਤ ਕੀਤੇ।) | | | |
| 3. | ਬੀਬੀ ਸ਼ਵਿੰਦਰ ਕੌਰ | 498 | 5100/- | 02.03.2025 |
| | ਸੁਪਤਨੀ ਗਰੁੱਪ ਕੈਪ. ਰਘਬੀਰ ਸਿੰਘ (ਆਨਲਾਇਨ ਪ੍ਰਾਪਤ ਕੀਤੇ।) | | | |
| | ਕੇ-14, ਜਲਵਾਯੂ ਵਿਹਾਰ, ਹੀਰਾ ਨੰਦਨੀ ਗਾਰਡਨ, ਪੋਵਈ, ਬੰਬੇ। | | | |
| 4. | ਸ: ਸੁਰਜੀਤ ਸਿੰਘ, ਸੀਨੀ. ਮੈਨੇਜਰ (ਰਿਟਾ.) | 512 | 5100/- | 27.03.2025 |
| | ਵਿੱਤ ਸਕੱਤਰ, 171, ਅਰਬਨ ਏਸਟੇਟ, ਕਪੂਰਥਲਾ। | | | |
| 5. | ਸ: ਜਗਤਾਰ ਸਿੰਘ | 515 | 5100/- | 29.03.2025 |
| | ਸਲੀਮਪੁਰ, ਹੁਸ਼ਿਆਰਪੁਰ। | | | |
| 6. | ਸ: ਮਲਕੀਤ ਸਿੰਘ, ਸਰਪੰਚ | 516 | 5100/- | 29.03.2025 |
| | ਸਲੀਮਪੁਰ, ਹੁਸ਼ਿਆਰਪੁਰ।(ਆਨਲਾਇਨ ਪ੍ਰਾਪਤ ਕੀਤੇ।) | | | |
| 7. | ਸ: ਮਹਿੰਦਰ ਸਿੰਘ, ਡੀ.ਐਸ.ਪੀ. (ਰਿਟਾ.) | 517 | 5100/- | 29.03.2025 |
| | ਸੀਨੀ. ਵੀ.ਪੀ, ਪੰਜਾਬ, 305, ਗੋਲਡਨ ਐਵਨਿਊ, ਜਲੰਧਰ। | | | |
| 8. | ਸ: ਲਖਵੀਰ ਸਿੰਘ, ਵੀ.ਪੀ. (ਪੰਜਾਬ) | 513 | 2100/- | 29.03.2025 |
| | ਪਿੰਡ ਜਲਾਲਪੁਰ, ਹੁਸ਼ਿਆਰਪੁਰ। | | | |
| 9. | ਪ੍ਰੋਫ਼ੈਸਰ ਪਰਦੀਪ ਸਿੰਘ | 519 | 2100/- | 29.03.2025 |
| | ਰਾਮਪੁਰ, ਤਹਿਸੀਲ ਚਮਕੌਰ ਸਾਹਿਬ, ਰੋਪੜ। | | | |
| 10. | ਕਰਨਲ ਗੁਰਦੀਪ ਸਿੰਘ (ਰਿਟਾ.) | 509 | 500/- | 14.03.2025 |
| | ਵੀ.ਪੀ.(ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | | | |
| 13. | ਸ: ਅਮਰਜੀਤ ਸਿੰਘ | 510 | 500/- | 14.03.2025 |
| | ਮ. ਨੰ: 42, ਸੈਕਟਰ-16ਏ, ਚੰਡੀਗੜ੍ਹ। | | | |
| 14. | ਪੰਡਿਤ ਰਾਮ ਕੁਮਾਰ | 501 | 500/- | 14.03.2025 |
| | ਬ.ਮ.ਸ.ਲ. ਫ਼ਾਊਂਡੇਸ਼ਨ. ਚੰਡੀਗੜ੍ਹ। | | | |
| 15. | ਬੀਬੀ ਸੁਰਿੰਦਰ ਕੌਰ | 500 | 300/- | 14.03.2025 |
| | ਮ. ਨੰ: 1457/17, ਸੈਕਟਰ 29ਬੀ, ਚੰਡੀਗੜ੍ਹ। | | | |

| | | | | |
|---|---|---|---|---|
| 16. | ਸ: ਰਵਿੰਦਰ ਸਿੰਘ, ਗੁਰੂ ਘਰ ਮੁੱਖ ਸੇਵਾਦਾਰ<br>ਮ.ਨੰ: 2092, ਸੈਕਟਰ-45, ਚੰਡੀਗੜ੍ਹ। | 502 | 200/- | 14.03.2025 |
| 17. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 503 | 200/- | 14.03.2025 |
| 18. | ਸ: ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ<br>ਮ.ਨੰ: 2354, ਫ਼ੇਸ-10, ਮੋਹਾਲੀ। | 504 | 200/- | 14.03.2025 |
| 19. | ਸ: ਸੁਰਿੰਦਰ ਸਿੰਘ<br>ਮ.ਨੰ: 3040, ਸੈਕਟਰ-47, ਚੰਡੀਗੜ੍ਹ। | 505 | 200/- | 14.03.2025 |
| 20. | ਸ: ਦਰਬਾਰਾ ਸਿੰਘ<br>ਮ.ਨੰ: 130, ਸੈਕਟਰ-46ਏ, ਚੰਡੀਗੜ੍ਹ। | 506 | 200/- | 14.03.2025 |
| 21. | ਇੰਜ. ਹਰਦੇਵ ਸਿੰਘ<br>ਮ.ਨੰ: 1747, ਫ਼ੇਸ-7, ਮੋਹਾਲੀ। | 507 | 200/- | 14.03.2025 |
| 22. | ਬੀਬੀ ਨਰਿੰਦਰ ਕੌਰ<br>ਮ.ਨੰ: 2020, ਸੈਕਟਰ-37ਸੀ, ਚੰਡੀਗੜ੍ਹ। | 508 | 200/- | 14.03.2025 |
| 23. | ਸ: ਜਗੀਰ ਸਿੰਘ<br>ਮ.ਨੰ: 2258/2, ਸੈਕਟਰ-45ਸੀ, ਚੰਡੀਗੜ੍ਹ। | 511 | 200/- | 14.03.2025 |

# ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

***Facilities Available for All Types of Functions at reasonable rates***

| | |
|---|---|
| *Double Bed A.C Rooms* | *Dormitory A.C Rooms Four Single Bed* |
| *Main Hall, A.C Capacity 400 Persons* | *Mini Hall, A.C Capacity 150-200 Persons* |
| *Main Auditorium, A.C Capacity 450 Persons* | *Mini Auditorium, A.C Capacity 150 Persons* |
| *Basement Hall 350-400 Persons* | *Conference Hall, A.C Capacity 25 Persons* |

**24x7 Catering Service Available**

For Booking Contact :-
98768-11137, 73470-65188

# ਲੁਬਾਣਾ ਭਾਈਚਾਰੇ ਦਾ ਗੁਰਿੰਦਰਵੀਰ ਸਿੰਘ ਦੇਸ਼ ਦਾ ਸਭ ਤੋਂ ਤੇਜ਼ ਦੌੜਾਕ ਬਣਿਆ



ਉੱਘੇ ਦੌੜਾਕ ਮਿਲਖਾ ਸਿੰਘ ਨੇ 400 ਮੀਟਰ ਦੀ ਦੌੜ ਵਿਚ ਪਹਿਲਾਂ ਸਥਾਪਿਤ ਸਾਰੇ ਰਿਕਾਰਡ ਤੋੜ ਕੇ ਨਵੇਂ ਕੀਰਤੀਮਾਨ ਸਥਾਪਤ ਕੀਤੇ ਸੀ। ਸਾਬਤ ਸੂਰਤ ਸਿੱਖ ਨੇ ਜਦੋਂ ਪਾਕਿਸਤਾਨ ਵਿਚ ਉਥੋਂ ਦੇ ਰਾਸ਼ਟਰਪਤੀ ਜਨਰਲ ਅਯੂਬ ਖ਼ਾਨ ਦੇ ਸਾਹਮਣੇ 400 ਮੀਟਰ ਦੀ ਦੌੜ ਵਿਚ ਪਾਕਿਸਤਾਨੀ ਦੌੜਾਕ ਅਬਦੁੱਲ ਖਾਲਿਕ ਨੂੰ ਹਰਾਇਆ ਤਾਂ ਉਥੇ ਮੌਜੂਦ ਜਨਰਲ ਅਯੂਬ ਖ਼ਾਨ ਨੇ ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦਾ ਨਾਮ ਦਿੱਤਾ ਸੀ।

ਬੰਗਲੌਰ ਵਿਚ ਹੁਣ ਜਿਹੇ ਸੰਪੰਨ ਹੋਈਆਂ ਗਰੈਂਡ ਬ੍ਰਿਕਸ ਐਥਲੈਟਿਕ ਖੇਡਾਂ ਵਿਚ ਜ਼ਿਲ੍ਹਾ ਜਲੰਧਰ ਦੇ ਕਸਬਾ ਭੋਗਪੁਰ ਤੋਂ ਟਾਂਡਾ ਜਾ ਰਹੀ ਜੀ.ਟੀ. ਰੋਡ ਤੇ ਸੜਕ ਤੋਂ ਖੱਬੇ ਪਾਸੇ ਘੁੱਗ ਵਸਦੇ ਪਿੰਡ ਪਤਿਆਲ ਦੇ ਨੌਜਵਾਨ ਸਾਬਤ ਸੂਰਤ ਸਿੱਖ ਗੁਰਵਿੰਦਰਵੀਰ ਸਿੰਘ ਨੇ 100 ਮੀਟਰ ਦੌੜ 10.20 ਸੈਕਿੰਡ ਵਿਚ ਪੂਰੀ ਕਰਕੇ ਨਵਾਂ ਕੌਮੀ ਰਿਕਾਰਡ ਸਥਾਪਤ ਕੀਤਾ ਹੈ। ਇਹ ਰਿਕਾਰਡ ਸਥਾਪਿਤ ਕਰਨ ਉਪਰੰਤ ਦੇਸ਼ ਵੱਲੋਂ ਗੁਰਿੰਦਰਵੀਰ ਸਿੰਘ ਨੂੰ ਫਲਾਇੰਗ ਸਿੱਖ-2 ਦੇ ਨਾਮ ਨਾਲ ਸੰਬੋਧਿਤ ਕੀਤਾ ਗਿਆ, ਜੋ ਕਿ ਕਿਸੇ ਵੀ ਖਿਡਾਰੀ ਲਈ ਜੀਵਨ ਪ੍ਰਾਪਤੀ ਵਾਲੀ ਉਪਲੱਬਧੀ ਹੈ। ਗੁਰਿੰਦਰਵੀਰ ਸਿੰਘ ਜੀ ਦੇ ਪਿਤਾ ਕਮਲਜੀਤ ਸਿੰਘ ਜੋ ਕਿ ਖ਼ੁਦ ਰਾਸ਼ਟਰੀ ਪੱਧਰ ਦੇ ਵਾਲੀਬਾਲ ਦੇ ਖਿਡਾਰੀ ਰਹੇ ਹਨ ਅਤੇ ਅੱਜਕਲ੍ਹ ਪੰਜਾਬ ਪੁਲਿਸ ਵਿਚ ਬਤੌਰ ਸਹਾਇਕ ਸਬ ਇੰਸਪੈਕਟਰ ਦੇ ਅਹੁਦੇ ਤੇ ਥਾਣਾ ਭੁੰਗਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਤੈਨਾਤ ਹੈ। ਪਤਿਆਲ ਪਿੰਡ ਲੁਬਾਣਾ ਸਿੱਖ ਭਾਈਚਾਰੇ ਦਾ ਬਹੁਤ ਹੀ ਨਾਮੀ ਪਿੰਡ ਹੈ ਅਤੇ ਗੁਰਿੰਦਰਵੀਰ ਸਿੰਘ ਨੇ ਭਾਰਤ ਦੇ ਸਭ ਤੋਂ ਵੱਡੇ ਦੌੜਾਕ ਬਣ ਕੇ ਲੁਬਾਣਾ ਭਾਈਚਾਰੇ ਦਾ ਸਤਿਕਾਰ ਵਿਸ਼ਵ ਪੱਧਰ 'ਤੇ ਵਧਾਇਆ ਹੈ। ਗੁਰਿੰਦਰਵੀਰ ਸਿੰਘ ਦੇ ਕੋਚ ਸ. ਸਰਬਜੀਤ ਸਿੰਘ ਹੈਪੀ ਦਾ ਇਸ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ ਅਤੇ ਇਸ ਸਮੇਂ ਗੁਰਿੰਦਰਵੀਰ ਸਿੰਘ ਨੂੰ ਰਿਲਾਇੰਸ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ ਅਤੇ ਵਿਦੇਸ਼ੀ ਕੋਚ ਦੀ ਰਹਿਨੁਮਾਈ ਹੇਠ ਮੁੰਬਈ ਵਿਖੇ ਗੁਰਿੰਦਰਵੀਰ ਸਿੰਘ ਆਉਣ ਵਾਲੀਆਂ ਖੇਡਾਂ ਲਈ ਭਰਪੂਰ ਕੋਚਿੰਗ ਲੈ ਰਿਹਾ ਹੈ। ਏਸ਼ੀਅਨ ਯੂਥ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ, ਸਾਊਥ ਏਸ਼ੀਅਨ ਗੇਮਜ 2019 ਵਿਚ ਸਿਲਵਰ ਮੈਡਲ, ਯੂਰੋ ਏਸ਼ੀਅਨ ਚੈਂਪੀਅਨਸ਼ਿਪ ਵਿਚ ਗੋਲਡ ਮੈਡਲ ਜੇਤੂ ਗੁਰਿੰਦਰਵੀਰ ਸਿੰਘ ਸਿਰ ਤੇ ਚਿੱਟਾ ਰੁਮਾਲ ਬੰਨ੍ਹ ਕੇ ਖੁਲ੍ਹੀ ਦਾੜ੍ਹੀ ਨਾਲ ਜਦੋਂ ਮੈਦਾਨ ਵਿਚ ਦੌੜਦਾ ਹੈ ਤਾਂ ਬਿਨਾਂ ਸ਼ੱਕ ਮਿਲਖਾ ਸਿੰਘ ਦਾ ਹੀ ਭੁਲੇਖਾ ਪੈਂਦਾ ਹੈ। ਗੁਰਿੰਦਰਵੀਰ ਸਿੰਘ ਕਹਿੰਦਾ ਹੈ ਕਿ ਉਹ ਸਿੱਖ ਧਰਮ ਦੇ ਪੁਰਾਤਨ ਸ਼ਹੀਦ ਸਿੰਘਾਂ ਤੋਂ ਪ੍ਰੇਰਣਾ ਲੈਂਦਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਵੱਲੋਂ ਗੁਰਿੰਦਰਵੀਰ ਸਿੰਘ ਦਾ ਪਹਿਲਾਂ ਹੀ ਜਲੰਧਰ ਵਿਖੇ ਕਈ ਵਾਰ ਲੋੜੀਂਦੀ ਸਹਾਇਤਾ ਅਤੇ ਸਨਮਾਨ ਕੀਤਾ ਗਿਆ ਸੀ। ਹੁਣ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਗੁਰਿੰਦਰਵੀਰ ਸਿੰਘ ਜੀ ਦੀ ਵੱਡੀ ਪ੍ਰਾਪਤੀ ਲਈ ਜਲਦੀ ਹੀ ਆਉਂਦੇ ਦਿਨਾਂ ਵਿਚ ਬੜੇ ਵੱਡੇ ਪੱਧਰ 'ਤੇ ਸਨਮਾਨ ਕੀਤਾ ਜਾਵੇਗਾ।

**- ਸੰਪਾਦਕ**

Postal No. - Jallandhar Vide No. L-4/PB/JL-0196/2024-2026

# ਲੁਬਾਣਾ ਬਰਾਦਰੀ ਦੀ ਧੀ ਬਣੀ ਚੰਡੀਗੜ੍ਹ ਸ਼ਹਿਰ ਦੀ ਮੇਅਰ

## ਬ ਮ ਸ ਲ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸਨਮਾਨਿਤ ਕੀਤਾ ਗਿਆ



ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ, ਚੰਡੀਗੜ੍ਹ ਦੇ ਮੇਅਰ ਬਣੇ ਹਨ ਉਹ ਸਤਿਕਾਰਯੋਗ ਸਵਰਗਵਾਸੀ ਕਰਨਲ ਮੱਖਣ ਸਿੰਘ ਜੀ ਦੀ ਸਪੁੱਤਰੀ ਹਨ। ਇੱਥੇ ਇਹ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਜੀ ਦੇ ਪਿਤਾ ਸਵਰਗਵਾਸੀ ਕਰਨਲ ਮੱਖਣ ਸਿੰਘ ਜੀ ਜ਼ਿੰਦਗੀ ਭਰ ਲੁਬਾਣਾ ਫ਼ਾਉਂਡੇਸ਼ਨ ਨਾਲ ਆਪਣੀਆਂ ਸ਼ਾਨਦਾਰ ਸੇਵਾਵਾਂ ਦਿੰਦੇ ਰਹੇ ਸਨ ਅਤੇ ਉਹਨਾਂ ਵਲੋਂ ਲੈਂਡ-ਸਕੇਪਿੰਗ (Land Scaping) ਅਤੇ ਹਾਰਟੀ ਕਲਚਰ (Hearty Culture) ਦਾ ਜੋ ਕੰਮ ਲੁਬਾਣਾ ਫ਼ਾਉਂਡੇਸ਼ਨ ਵਿਖੇ ਕੀਤਾ ਗਿਆ ਸੀ ਉਸ ਕਰਕੇ ਲੁਬਾਣਾ ਭਵਨ ਹਮੇਸ਼ਾ ਚੰਡੀਗੜ੍ਹ ਵਿਚ ਕਰਵਾਏ ਗਏ ਲੈਂਡ-ਸਕੇਪਿੰਗ (Land Scaping) ਮੁਕਾਬਲਿਆਂ ਵਿਚੋਂ ਪਹਿਲੇ ਸਥਾਨ ਤੇ ਆਉਂਦਾ ਰਿਹਾ ਹੈ। ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਮੇਅਰ ਚੰਡੀਗੜ੍ਹ ਭਾਈਚਾਰੇ ਦੀ ਹੋਣਹਾਰ ਸਪੁੱਤਰੀ ਹਨ। ਇਨ੍ਹਾਂ ਦੇ ਪਤੀ ਸ. ਦਵਿੰਦਰ ਸਿੰਘ ਬੱਬਲਾ ਵੀ ਚੰਡੀਗੜ੍ਹ ਦੇ ਕਈ ਵਾਰ ਐਮ.ਸੀ. ਰਹਿ ਚੁੱਕੇ ਹਨ ਅਤੇ ਉਹ ਰਾਜਨੀਤਕ ਖੇਤਰ ਦੀ ਜਾਣੀ-ਪਛਾਣੀ ਸਖ਼ਸ਼ੀਅਤ ਸਨ। ਇਸੇ ਸੰਦਰਭ ਵਿਚ ਉਹਨਾਂ ਨੂੰ ਮਿਤੀ 26.03.2025 ਨੂੰ ਭਵਨ ਦੇ ਕਾਨਫ਼ਰੰਸ ਹਾਲ ਵਿਚ ਲੁਬਾਣਾ ਫ਼ਾਉਂਡੇਸ਼ਨ ਵਲੋਂ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਨਿੱਘਾ ਸੁਆਗਤ ਕੀਤਾ ਗਿਆ ਅਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਤੇ ਸ਼੍ਰੀਮਤੀ ਹਰਪ੍ਰੀਤ ਕੌਰ ਬੱਬਲਾ ਆਪਣੇ ਸਵਰਗਵਾਸੀ ਪਿਤਾ ਜੀ ਦੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ ਬਹੁਤ ਹੀ ਭਾਵੁਕ ਹੋ ਗਏ ਅਤੇ ਉਹਨਾਂ ਵਲੋਂ ਨਗਰ ਨਿਗਮ ਨਾਲ ਸੰਬੰਧਿਤ ਕਿਸੇ ਵੀ ਕੰਮ ਨੂੰ ਕਰਵਾਉਣ ਲਈ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਗਿਆ।

-ਸੰਪਾਦਕ



ਚੰਡੀਗੜ੍ਹ ਸ਼ਹਿਰ ਦੇ ਨਵੇਂ ਚੁਣੇ ਗਏ ਮੇਅਰ ਸ੍ਰੀਮਤੀ ਹਰਪ੍ਰੀਤ ਕੌਰ ਬਬਲਾ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ-30 ਚੰਡੀਗੜ੍ਹ ਵਿਖੇ ਪੁੱਜਣ 'ਤੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ, ਸਮੂਹ ਅਹੁਦੇਦਾਰਾਂ ਅਤੇ ਬਰਾਦਰੀ ਦੀਆਂ ਸਨਮਾਨਯੋਗ ਸਖ਼ਸ਼ੀਅਤਾਂ ਵੱਲੋਂ ਸਨਮਾਨਿਤ ਕੀਤਾ ਗਿਆ।